# ਪੰਜਾਬ ਸਕੂਲ ਸਿੱਖਿਆ ਬੋਰਡ

## ਗੁਣਾਤਮਿਕ ਸਿੱਖਿਆ ਅਤੇ ਖੇਤਰੀ ਸੇਵਾਵਾਂ ਵੱਲੋਂ ਆਯੋਜਿਤ

## ਸਹਿ-ਅਕਾਦਮਿਕ ਵਿੱਦਿਅਕ ਮੁਕਾਬਲੇ

## ਸੈਸ਼ਨ 2010-11

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਣ ਵਾਲੇ ਸਹਿ-ਅਕਾਦਮਿਕ-ਮੁਕਾਬਲਿਆਂ ਦੇ ਕੁੱਲ ਤਿੰਨ ਪੱਧਰ ਹੋਣਗੇ। (1) ਜ਼ਿਲ੍ਹਾ ਪੱਧਰ (2) ਖੇਤਰ ਪੱਧਰ (3) ਰਾਜ ਪੱਧਰ। ਇਹ ਮੁਕਾਬਲੇ ਤਿੰਨ ਵਰਗਾਂ ਵਿੱਚ ਕਰਵਾਏ ਜਾਣਗੇ। ਇਹਨਾਂ ਨੂੰ ਸਚਾਰੂ ਢੰਗ ਨਾਲ ਕਰਵਾਉਣ ਲਈ ਪੰਜਾਬ ਦੇ 20 ਜਿਲ੍ਹਿਆਂ ਨੂੰ ਚਾਰ ਖੇਤਰਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਦਾ ਵੇਰਵਾ ਪ੍ਰਾਸਪੈਕਟਸ ਵਿੱਚ ਅੱਗੇ ਦਿੱਤਾ ਗਿਆ ਹੈ :-

### 1. ਵਰਗ ਅਨੁਸਾਰ ਮੁਕਾਬਲਿਆਂ ਦਾ ਵੇਰਵਾ :-

**1. ਪਹਿਲਾ ਵਰਗ (ਪਹਿਲੀ ਤੋਂ ਪੰਜਵੀਂ ਜਮਾਤ ਤੱਕ) (ਉਮਰ 5 ਤੋਂ 11 ਸਾਲ ਤੱਕ)**

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ ਲਿਖਾਈ (4) ਚਿੱਤਰਕਲਾ (5) ਸੋਲੋ-ਡਾਂਸ (6) ਲੋਕ-ਗੀਤ/ਸਾਹਿਤਿਕ-ਗੀਤ।

**(ਪਹਿਲੇ ਵਰਗ ਦੇ ਕੁੱਲ 6 ਮੁਕਾਬਲੇ ਬਲਾਕ, ਜ਼ਿਲ੍ਹਾ, ਖੇਤਰ ਅਤੇ ਰਾਜ ਪੱਧਰ ਤੇ ਹੋਣਗੇ)**

### 2. ਦੂਸਰਾ ਵਰਗ (ਛੇਵੀਂ ਤੋਂ ਅੱਠਵੀਂ ਜਮਾਤ ਤੱਕ) (ਉਮਰ 11 ਤੋਂ 14 ਸਾਲ ਤੱਕ)

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ-ਲਿਖਾਈ (4) ਚਿੱਤਰਕਲਾ (5) ਸੋਲੋ-ਡਾਂਸ (6) ਲੋਕ-ਗੀਤ/ਸਾਹਿਤਿਕ-ਗੀਤ (7) ਆਮ ਗਿਆਨ (8) ਕਵੀਸ਼ਰੀ (9) ਵਾਰ-ਗਾਇਨ (10) ਕਵਿਤਾ-ਉਚਾਰਨ (11) ਪੰਜਾਬੀ ਲੋਕ-ਨਾਚ ਭੰਗੜਾ ਜਾਂ ਝੂਮਰ ਜਾਂ ਮਲਵਈ ਗਿੱਧਾ-ਮੁੰਡਿਆਂ ਵਾਸਤੇ (12) ਪੰਜਾਬੀ ਲੋਕ-ਨਾਚ ਗਿੱਧ੍ਹਾ ਜਾਂ ਸੰਮੀ-ਕੁੜੀਆਂ ਵਾਸਤੇ।

ਦੂਜੇ ਵਰਗ ਦੇ ਕੁਲ 12 ਮੁਕਾਬਲਿਆਂ ਵਿਚੋਂ ਗਿੱਧ੍ਹਾ, ਭੰਗੜਾ ਅਤੇ ਆਮ ਗਿਆਨ ਦੇ ਮੁਕਾਬਲੇ ਸਿੱਧੇ ਖੇਤਰ ਪੱਧਰ ਤੇ ਕਰਵਾਏ ਜਾਣਗੇ ਅਤੇ ਬਾਕੀ ਦੇ 9 ਮੁਕਾਬਲੇ ਜ਼ਿਲ੍ਹਾ ਪੱਧਰ ਤੋਂ ਹੀ ਕਰਵਾਏ ਜਾਣਗੇ।

### 3. ਤੀਸਰਾ ਵਰਗ (ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ) (ਉਮਰ 14 ਤੋਂ 19 ਸਾਲ ਤੱਕ)

(1) ਸ਼ਬਦ-ਗਾਇਨ (2) ਭਾਸ਼ਣ (3) ਸੁੰਦਰ-ਲਿਖਾਈ (4) ਚਿੱਤਰਕਲਾ (5) ਲੋਕ-ਗੀਤ ਸਾਹਿਤਿਕ-ਗੀਤ (6) ਆਮ ਗਿਆਨ (7) ਕਵੀਸ਼ਰੀ (8) ਵਾਰ-ਗਾਇਨ (9) ਕਵਿਤਾ ਉਚਾਰਨ (10) ਮੌਲਿਕ ਲਿਖਤ (11) ਪੰਜਾਬੀ ਲੋਕ-ਨਾਚ ਭੰਗੜਾ ਜਾਂ ਝੂਮਰ ਜਾਂ ਮਲਵਈ ਗਿੱਧਾ - ਮੁੰਡਿਆਂ ਵਾਸਤੇ (12) ਪੰਜਾਬੀ ਲੋਕ-ਨਾਚ ਗਿੱਧਾ ਜਾਂ ਸੰਮੀ- ਕੁੜੀਆਂ ਵਾਸਤੇ (13) ਇਕਾਂਗੀ (14) ਗੱਤਕਾ।

ਤੀਜੇ ਵਰਗ ਦੇ ਕੁਲ 14 ਮੁਕਾਬਲਿਆਂ ਵਿਚੋਂ ਵੀ ਗਿੱਧਾ, ਭੰਗੜਾ, ਆਮਗਿਆਨ, ਇਕਾਂਗੀ ਅਤੇ ਗੱਤਕਾ ਦੇ ਮੁਕਾਬਲੇ ਸਿੱਧੇ ਖੇਤਰ ਪੱਧਰ ਤੋਂ ਆਰੰਭ ਕਰਵਾਏ ਜਾਣਗੇ।

### 4. ਉਮਰ ਦੀ ਸੀਮਾ :

ਉਮਰ ਦੀ ਸੀਮਾ ਮੁਕਾਬਲੇ ਵਾਲੇ ਸਾਲ 31 ਅਕਤੂਬਰ ਤੱਕ ਪੂਰੀ ਹੋਣੀ ਚਾਹੀਦੀ ਹੈ। ਜੇ ਉਮਰ ਦੀ

ਉਪਰਲੀ ਹੱਦ  ਘਟਦੀ ਹੋਵੇ ਤਾਂ ਉਸ ਨੂੰ ਇੱਕ ਮਹੀਨੇ ਦੀ ਛੋਟ ਦਿੱਤੀ ਜਾ ਸਕਦੀ ਹੈ । ਇਸ ਸਬੰਧੀ ਪ੍ਰਤੀ ਬੇਨਤੀ 30 ਜੁਲਾਈ ਤੱਕ ਡਿਪਟੀ ਡਾਇਰੈਕਟਰ ਫੀਲਡ ਪ੍ਰੋਗਰਾਮ ਨੂੰ ਭੇਜੀ ਜਾ ਸਕਦੀ ਹੈ ।

## 5. ਮੁਕਾਬਲਿਆਂ ਲਈ ਪ੍ਰਵੇਸ਼ ਵਿਧੀ :

### (ੳ) ਪ੍ਰਵੇਸ਼-ਕਮ-ਰਜਿਸਟਰੇਸ਼ਨ ਫ਼ਾਰਮ- (ਤਿੰਨੇ ਵਰਗਾਂ ਲਈ)

ਕਿਸੇ ਵੀ ਸਕੂਲ ਮੁੱਖੀ ਵੱਲੋਂ ਆਪਣੇ ਸਕੂਲ ਦੇ ਵਿਦਿਆਰਥੀਆਂ ਦੀ ਰੁਚੀ ਅਤੇ ਕਾਬਲੀਅਤ ਨੂੰ ਧਿਆਨ ਵਿੱਚ ਰੱਖਕੇ ਪ੍ਰਾਸਪੈਕਟਸ ਵਿੱਚ ਦਰਜ ਹਦਾਇਤਾਂ ਅਨੁਸਾਰ ਜ਼ਿਲ੍ਹਾ ਪੱਧਰ ਅਤੇ ਸਿੱਧੇ ਖੇਤਰ ਪੱਧਰ ਦੇ ਮੁਕਾਬਲਿਆਂ ਲਈ ਇੱਕ ਵਿਦਿਆਰਥੀ/ਟੀਮ ਦਾ ਪੂਰਾ ਵੇਰਵਾ, ਅੰਤ ਵਿੱਚ ਲੱਗੇ ਪ੍ਰਵੇਸ਼-ਕਮ-ਰਜਿਸਟਰੇਸ਼ਨ ਫ਼ਾਰਮ (ਐਫ.ਪੀ.-2), ਹਰ ਪੱਖੋਂ ਮੁਕੰਮਲ ਕਰਕੇ ਦੋ ਪੜ੍ਹਤਾਂ ਵਿੱਚ ਭਰਿਆ ਜਾਵੇਗਾ । ਇਸ ਫ਼ਾਰਮ ਦੀ ਇੱਕ ਪੜ੍ਹਤ ਉਪ ਡਾਇਰੈਕਟਰ (ਗੁਣਾਤਮਿਕ ਸਿੱਖਿਆ ਤੇ ਖੇਤਰੀ ਸੇਵਾਵਾਂ) ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਮੋਹਾਲੀ ਨੂੰ ਦਸਤੀ ਜਾਂ ਰਜਿਸਟਰਡ ਡਾਕ ਰਾਹੀਂ ਪਹੁੰਚਾਏ ਜਾਣੇ ਜ਼ਰੂਰੀ ਹਨ । ਪ੍ਰਾਸਪੈਕਟਸ ਦੇ ਅੰਤ ਵਿੱਚ ਦਰਜ ਅਸਲ ਪ੍ਰਵੇਸ਼-ਫਾਰਮ ਭਰ ਕੇ ਆਪਣੇ ਜ਼ਿਲ੍ਹੇ ਨਾਲ ਸੰਬੰਧਤ ਆਯੋਜਨ ਕੇਂਦਰ ਮੁੱਖੀ ਨੂੰ ਭੇਜਿਆ ਜਾਵੇ । ਇਹ ਪ੍ਰਵੇਸ਼ ਫਾਰਮ ਮੁਕਾਬਲੇ ਅਰੰਭ ਹੋਣ ਤੋਂ ਦੋ ਦਿਨ ਪਹਿਲਾਂ ਸੰਬੰਧਤ ਥਾਵਾਂ ਤੇ ਪਹੁੰਚਾਏ ਜਾਣੇ ਜ਼ਰੂਰੀ ਹਨ । ਤੀਜੀ ਪੜ੍ਹਤ, ਮੁਕਾਬਲੇ ਦੇ ਵਕਤ ਵਿਦਿਆਰਥੀ/ਟੀਮ ਦੀ ਰਜਿਸਟਰੇਸ਼ਨ ਸਮੇਂ ਪੇਸ਼ ਕੀਤੀ ਜਾਵੇ । ਹਰੇਕ ਵਰਗ ਲਈ ਮੁਕਾਬਲਾ-ਵਾਰ ਵੱਖ-ਵੱਖ ਪ੍ਰਵੇਸ਼-ਕਮ-ਰਜਿਸਟਰੇਸ਼ਨ-ਫ਼ਾਰਮ ਭਰ ਕੇ ਭੇਜੇ ਜਾਣਗੇ। ਫਾਰਮ ਵਿੱਚ ਨਿਸ਼ਚਿਤ ਸਥਾਨ ਤੇ ਵਿਦਿਆਰਥੀ ਦੀ, ਸਟੈਂਪ ਸਾਈਜ਼ ਤਸਦੀਕ ਸ਼ੁਦਾ ਫੋਟੋ ਚਿਪਕਾਈ ਜਾਣੀ ਜ਼ਰੂਰੀ ਹੈ ।

ਅਧੂਰੇ ਅਤੇ ਦੇਰ ਨਾਲ ਪ੍ਰਾਪਤ ਹੋਏ ਫਾਰਮਾਂ ਸੰਬੰਧੀ ਅਯੋਜਨ ਕੇਂਦਰ ਮੁੱਖੀ ਹਾਲਾਤ ਵਾਚਣ ਉਪਰੰਤ ਆਪਣੀ ਪੱਧਰ ਤੇ ਯੋਗ ਨਿਰਣਾ ਲੈ ਸਕਦੇ ਹਨ ।

ਨੋਟ : ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਰਾਜ ਦੇ ਸਰਕਾਰੀ/ਪ੍ਰਾਈਵੇਟ ਏਡਿਡ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ਼ ਐਫੀਲੀਏਟਿਡ ਸਕੂਲਾਂ ਦੇ ਰੈਗੂਲਰ ਵਿਦਿਆਰਥੀ ਹੀ ਭਾਗ ਲੈ ਸਕਣਗੇ ।

## 6. ਰਜਿਸਟਰੇਸ਼ਨ

ਜ਼ਿਲ੍ਹਾ, ਖੇਤਰ ਅਤੇ ਰਾਜ ਪੱਧਰ ਦੇ ਮੁਕਾਬਲਿਆਂ ਦੀ ਮੁਕਾਬਲਾ ਵਾਰ/ਵਰਗ ਵਾਰ, ਰਜਿਸਟਰੇਸ਼ਨ ਨਿਸ਼ਚਿਤ ਮਿਤੀਆਂ ਵਾਲੇ ਦਿਨ ਸਵੇਰੇ 10.00 ਵਜੇ ਤੱਕ ਸੰਬੰਧਤ ਆਯੋਜਨ ਕੇਂਦਰਾਂ ਵਿੱਚ ਕੀਤੀ ਜਾਵੇਗੀ । ਇਸ ਤੋਂ ਬਾਅਦ ਪਹੁੰਚਣ ਵਾਲੇ ਵਿਦਿਆਰਥੀ/ਟੀਮ ਨੂੰ ਕਿਸੇ ਵੀ ਮੁਕਾਬਲੇ ਵਿੱਚ ਭਾਗ ਲੈਣ ਦੀ ਆਗਿਆ ਨਹੀਂ ਹੋਵੇਗੀ । ਸੰਬੰਧਤ ਟੀਮਾਂ/ ਵਿਦਿਆਰਥੀਆਂ ਨੂੰ ਆਯੋਜਨ ਕੇਂਦਰ ਤੇ ਸਮੇਂ ਸਿਰ ਪਹੁੰਚਾਉਣ ਦੀ ਜਿੰਮੇਵਾਰੀ ਟੀਮ ਮੁੱਖੀ/ ਸਕੂਲ ਮੁੱਖੀ ਦੀ ਹੋਵੇਗੀ ।

## 7. ਮੁਕਾਬਲਿਆਂ ਦੀਆਂ ਮਿਤੀਆਂ

**(ੳ) ਬਲਾਕ ਪੱਧਰ (ਕੇਵਲ ਪਹਿਲੇ ਵਰਗ ਲਈ)** 20-07-2010

**(ਅ) ਜ਼ਿਲ੍ਹਾ ਪੱਧਰ :**

| ਵਰਗ | ਪਟਿਆਲਾ ਅਤੇ ਅਮ੍ਰਿੰਤਸਰ ਖੇਤਰ ਅਧੀਨ ਆਉਂਦੇ ਜ਼ਿਲ੍ਹਿਆਂ ਲਈ ਮਿਤੀਆਂ | ਬਠਿੰਡਾ ਅਤੇ ਜਲੰਧਰ ਖੇਤਰ ਅਧੀਨ ਆਉਂਦੇ ਜ਼ਿਲ੍ਹਿਆਂ ਲਈ ਮਿਤੀਆਂ |
|---|---|---|
| ਪਹਿਲਾ ਵਰਗ | 10-08-2010 | 24-08-2010 |
| ਦੂਜਾ ਵਰਗ | 11-08-2010 | 25-08-2010 |
| ਤੀਜਾ ਵਰਗ | 12-08-2010 | 26-08-2010 |

### (ੲ) ਖੇਤਰ ਪੱਧਰ

| ਵਰਗ | ਪਟਿਆਲਾ ਅਤੇ ਅਮ੍ਰਿੰਤਸਰ ਖੇਤਰ | ਬਠਿੰਡਾ ਅਤੇ ਜਲੰਧਰ ਖੇਤਰ |
|---|---|---|
| ਪਹਿਲਾ ਵਰਗ | 12-10-2010 | 27-10-2010 |
| ਦੂਜਾ ਵਰਗ | 13-10-2010 | 28-10-2010 |
| ਤੀਜਾ ਵਰਗ | 14-10-2010 | 29-10-2010 |

### (ਸ) ਰਾਜ ਪੱਧਰ ਲਈ

| | |
|---|---|
| ਪਹਿਲਾ ਵਰਗ | 26-11-2010 |
| ਦੂਜਾ ਵਰਗ | 27-11-2010 |
| ਤੀਜਾ ਵਰਗ | 28-11-2010 |

### (ਹ) ਵੱਖ-ਵੱਖ ਖੇਤਰਾਂ ਅਧੀਨ ਆਉਂਦੇ ਜ਼ਿਲ੍ਹਿਆਂ ਦਾ ਵੇਰਵਾ

| ਖੇਤਰ | ਜ਼ਿਲ੍ਹੇ |
|---|---|
| ਅਮ੍ਰਿੰਤਸਰ | ਅਮ੍ਰਿੰਤਸਰ, ਗੁਰਦਾਸਪੁਰ, ਕਪੂਰਥਲਾ, ਤਰਨਤਾਰਨ, ਹੁਸ਼ਿਆਰਪੁਰ |
| ਬਠਿੰਡਾ | ਫਰੀਦਕੋਟ, ਮੁਕਤਸਰ, ਬਠਿੰਡਾ, ਸੰਗਰੂਰ, ਮਾਨਸਾ |
| ਪਟਿਆਲਾ | ਪਟਿਆਲਾ, ਫਤਿਹਗੜ੍ਹ ਸਾਹਿਬ, ਮੋਹਾਲੀ, ਨਵਾਂ ਸ਼ਹਿਰ, ਰੋਪੜ |
| ਜਲੰਧਰ | ਜਲੰਧਰ, ਲੁਧਿਆਣਾ, ਫਿਰੋਜ਼ਪੁਰ, ਮੋਗਾ, ਬਰਨਾਲਾ |

## 8. ਆਯੋਜਨ ਵਿਧੀ :

### (I) ਬਲਾਕ ਪੱਧਰ (ਕੇਵਲ ਪਹਿਲੇ ਵਰਗ ਲਈ)

(ੳ) ਇਹ ਮੁਕਾਬਲੇ ਸੰਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਵੱਲੋਂ ਅਪਣੇ ਪੱਧਰ ਤੇ ਬੋਰਡ ਵੱਲੋਂ ਨਿਸ਼ਚਿਤ ਮਿਤੀ ਅਨੁਸਾਰ ਆਯੋਜਨ ਕੇਂਦਰਾਂ ਦੀ ਚੋਣ ਕਰਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਰਾਹੀਂ ਕਰਵਾਏ ਜਾਣਗੇ ।

(ਅ) ਹਰੇਕ ਮੁਕਾਬਲੇ ਦੇ ਮੁਲਾਂਕਣ (ਜਜਮੈਂਟ) ਲਈ 3 ਜੱਜਾਂ ਦੀ ਨਿਯੁਕਤੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਵੱਲੋਂ ਕੀਤੀ ਜਾਵੇਗੀ। ਨਿਯੁਕਤ ਕੀਤੇ ਗਏ ਜੱਜਾਂ ਨੂੰ ਉਸ ਦਿਨ ਲਈ ਦਫ਼ਤਰੀ ਡਿਊਟੀ ਤੇ ਸਮਝਿਆ ਜਾਵੇਗਾ ।

(ੲ) ਕਿਸੇ ਕਾਰਨ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ:) ਵੱਲੋਂ ਨਿਯੁਕਤ ਕੀਤਾ ਗਿਆ ਜੱਜ ਸਮੇਂ ਸਿਰ ਨਹੀਂ ਪੁੱਜਦਾ ਤਾਂ ਬਲਾਕ ਪ੍ਰਾਇਮਰੀ ਸਿੱਖਿਆਂ ਅਫ਼ਸਰ / ਆਯੋਜਨ ਕੇਂਦਰ ਮੁੱਖੀ, ਤੁਰੰਤ ਕਾਰਵਾਈ ਕਰਦੇ ਹੋਏ ਆਪਣੇ ਪੱਧਰ ਤੇ ਯੋਗ ਜੱਜ ਨਿਯੁਕਤ ਕਰ ਸਕਦੇ ਹਨ ।

(ਸ) ਜੱਜਾਂ ਵੱਲੋਂ ਟੀਮ/ਵਿਦਿਆਰਥੀਆਂ ਨੂੰ ਮੁਕਾਬਲੇ ਦੌਰਾਨ ਦਿੱਤੇ ਗਏ ਨੰਬਰਾਂ ਦੇ ਆਧਾਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਆਯੋਜਨ ਕੇਂਦਰ ਮੁੱਖੀ ਵੱਲੋਂ ਮੈਰਿਟ ਤਿਆਰ ਕਰਕੇ ਨਤੀਜਾ ਘੋਸ਼ਿਤ ਕੀਤਾ ਜਾਵੇਗਾ । ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ / ਆਯੋਜਨ ਕੇਂਦਰ ਮੁੱਖੀ ਵੱਲੋਂ ਇੱਕ ਸਾਦੇ ਪੇਪਰ ਤੇ ਮੁਕਾਬਲਾ-ਵਾਰ ਟੀਮ/ਵਿਦਿਆਰਥੀ ਦੇ ਪੂਰੇ ਵੇਰਵੇ (ਵਿਦਿਆਰਥੀ ਦਾ ਨਾਂ, ਪਿਤਾ ਦਾ ਨਾਂ, ਮਾਤਾ ਦਾ ਨਾਂ, ਜਨਮ ਮਿਤੀ, ਜਮਾਤ, ਸਕੂਲ ਦਾ ਨਾਂ, ਮੁਕਾਬਲੇ ਦਾ ਨਾਂ, ਪ੍ਰਾਪਤ ਕੀਤਾ ਸਥਾਨ, ਬਲਾਕ ਅਤੇ ਜ਼ਿਲ੍ਹੇ ਦਾ ਨਾਂ) ਦਿੰਦੇ ਹੋਏ ਨਤੀਜਾ ਤਿਆਰ ਕੀਤਾ ਜਾਵੇਗਾ । ਇਸ ਨਤੀਜਾ ਸ਼ੀਟ ਉਤੇ ਤਿੰਨੇ ਜੱਜਾਂ ਦੇ ਹਸਤਾਖ਼ਰ ਸਮੇਤ ਪੂਰਾ ਪਤਾ ਹੋਣਾ ਚਾਹੀਦਾ ਹੈ ਅਤੇ ਨਤੀਜਾ ਸ਼ੀਟ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ / ਆਯੋਜਨ ਕੇਂਦਰ ਮੁੱਖੀ ਵੱਲੋਂ ਤਸਦੀਕ ਹੋਣੀ ਲਾਜ਼ਮੀ ਹੈ ।

(ਹ) ਨਤੀਜਾ ਸ਼ੀਟ, ਮੁਕਾਬਲੇ-ਵਾਰ ਤਿੰਨ ਪੜ੍ਹਤਾਂ ਵਿੱਚ ਤਿਆਰ ਕੀਤੀ ਜਾਵੇਗੀ, ਜਿਸ ਦੀ ਇੱਕ ਕਾਪੀ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਆਪਣੇ ਪਾਸ ਰਿਕਾਰਡ ਹਿਤ ਰੱਖਣਗੇ, ਇੱਕ ਕਾਪੀ ਮੁਕਾਬਲੇ ਵਿੱਚ ਸਥਾਨ ਪ੍ਰਾਪਤ ਕਰਨ ਵਾਲੇ ਸਕੂਲਾਂ ਨੂੰ ਦਿੱਤੀ ਜਾਵੇਗੀ । ਇਸ ਦੀ ਤੀਜੀ ਪੜ੍ਹਤ ਉਪ-ਡਾਇਰੈਕਟਰ (ਗਸਖਸ) ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8 ਮੋਹਾਲੀ ਨੂੰ ਦਸਤੀ ਜਾਂ ਰਜਿਸਟਰਡ ਡਾਕ ਰਾਹੀਂ ਮਿਤੀ 27-7-2010 ਤੱਕ ਲਾਜ਼ਮੀ ਪੁੱਜਦੀ ਕਰਨਗੇ ।

(ਕ) ਜੇਤੂ ਵਿਦਿਆਰਥੀ /ਟੀਮਾਂ ਨੂੰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਜ਼ਿਲ੍ਹਾ ਪੱਧਰ ਤੇ ਭਾਗ ਲੈਣ ਲਈ ਆਰਜ਼ੀ ਸਰਟੀਫਿਕੇਟ ਜਾਰੀ ਕਰਨਗੇ, ਜਿਸ ਦਾ ਨਮੂਨਾ ਕਿਤਾਬਚੇ ਦੇ ਅੰਤ ਵਿੱਚ ਦਿੱਤਾ ਗਿਆ ਹੈ ।

(ਖ) ਹਰੇਕ ਮੁਕਾਬਲੇ ਵਿੱਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ /ਟੀਮਾਂ ਹੀ ਜ਼ਿਲ੍ਹਾ ਪੱਧਰ ਤੇ ਭਾਗ ਲੈ ਸਕਣਗੀਆਂ ।

(ਗ) ਬਲਾਕ ਪੱਧਰ ਤੇ ਆਯੋਜਿਤ ਕੀਤੇ ਜਾਣ ਵਾਲੇ ਮੁਕਾਬਲਿਆਂ ਲਈ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਜਿਲਾ ਸਿੱਖਿਆ ਅਫ਼ਸਰ ਅਤੇ ਬੋਰਡ ਵੱਲੋਂ ਕਿਸੇ ਕਿਸਮ ਦੀ ਵਿੱਤੀ ਸਹਾਇਤਾ ਨਹੀਂ ਦਿੱਤੀ ਜਾਵੇਗੀ ।

**ਨੋਟ :-** ਅਯੋਜਨ ਕੇਦਰਾਂ ਸੰਬੰਧੀ -ਪਹਿਲੇ ਵਰਗ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲ਼ੇ ਇੱਛੁਕ ਸਕੂਲ ਮੁੱਖੀ ਆਪਣੇ ਬਲਾਕ ਨਾਲ ਸੰਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਨਾਲ ਸੰਪਰਕ ਕਰਨ ।

## (ਅ) ਜ਼ਿਲ੍ਹਾ ਪੱਧਰ :

(I) ਇਹ ਮੁਕਾਬਲੇ ਪ੍ਰਾਸਪੈਕਟਸ ਵਿੱਚ ਦਰਜ ਆਯੋਜਨ ਕੇਂਦਰਾਂ ਵਿਖੇ ਨਿਸ਼ਚਿਤ ਮਿਤੀਆਂ ਤੇ ਬੋਰਡ ਵੱਲੋਂ ਕਰਵਾਏ ਜਾਣਗੇ ।

(II) ਜ਼ਿਲਾ ਪੱਧਰ ਤੇ ਪਹਿਲੇ ਵਰਗ ਲਈ ਬਲਾਕ ਪੱਧਰ ਤੇ ਹਰੇਕ ਮੁਕਾਬਲੇ ਵਿੱਚੋਂ ਪਹਿਲੇ ਦੋ ਸਥਾਨ

ਪ੍ਰਾਪਤ ਕਰਨ ਵਾਲੇ ਵਿਦਿਆਰਥੀ/ਟੀਮਾਂ ਭਾਗ ਲੈ ਸਕਣਗੀਆਂ । ਦੂਸਰੇ ਅਤੇ ਤੀਸਰੇ ਵਰਗ ਲਈ ਵਿਦਿਆਰਥੀ/ਟੀਮਾਂ ਦੀ ਜ਼ਿਲ੍ਹਾ ਪੱਧਰ ਤੇ ਸਿੱਧੀ ਐਂਟਰੀ ਹੋਵੇਗੀ ।

(III) ਹਰੇਕ ਜ਼ਿਲ੍ਹੇ ਵਿੱਚ ਇਹਨਾਂ ਮੁਕਾਬਲਿਆਂ ਦੇ ਸੁਚੱਜੇ ਆਯੋਜਨ / ਪ੍ਰਬੰਧ ਲਈ ਬੋਰਡ ਵੱਲੋਂ ਦਫਤਰ ਦਾ ਇੱਕ ਅਧਿਕਾਰੀ ਅਤੇ ਇਕ ਕਮਰਚਾਰੀ ਨਿਯੁਕਤ ਕੀਤਾ ਜਾਵੇਗਾ ।

(IV) ਹਰੇਕ ਮੁਕਾਬਲੇ ਵਿੱਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ / ਟੀਮਾਂ ਖੇਤਰ ਪੱਧਰ ਤੇ ਹੋਣ ਵਾਲੇ ਮੁਕਾਬਲਿਆਂ ਵਿੱਚ ਭਾਗ ਲੈ ਸਕਣਗੇ ।

(V) ਅਯੋਜਨ ਕੇਂਦਰ ਮੁੱਖੀ ਜੇਤੂ ਵਿਦਿਆਰਥੀ /ਟੀਮਾਂ ਨੂੰ ਖੇਤਰ ਤੇ ਭਾਗ ਲੈਣ ਲਈ ਆਰਜ਼ੀ ਸਰਟੀਫਿਕੇਟ ਜਾਰੀ ਕਰਨਗੇ ।

## (ੲ) ਖੇਤਰ ਪੱਧਰ :

(I) ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ ਕਿ ਰਾਜ ਦੇ 20 ਜ਼ਿਲ੍ਹਿਆਂ ਨੂੰ ਕੁੱਲ 4 ਖੇਤਰਾਂ ਵਿੱਚ ਵੰਡਿਆਂ ਗਿਆ ਹੈ । ਸਹਿ-ਅਕਾਦਮਿਕ ਮੁਕਾਬਲਿਆਂ ਲਈ ਖੇਤਰਾਂ ਦੇ ਆਯੋਜਨ ਕੇਂਦਰਾਂ ਦੇ ਨਾਂ ਅਤੇ ਮਿਤੀਆਂ ਪ੍ਰਾਸਪੈਕਟਸ ਵਿੱਚ ਦਰਜ ਹਨ ।

(II) ਇਕਾਂਗੀ ਅਤੇ ਗੱਤਕਾ ਮੁਕਾਬਲੇ ਕੇਵਲ ਤੀਸਰੇ ਵਰਗ ਲਈ ਹਨ ਅਤੇ ਇਹਨਾਂ ਦੀ ਐਂਟਰੀ ਸਿੱਧੀ ਖੇਤਰ ਪੱਧਰ ਤੋਂ ਕੀਤੀ ਜਾਵੇਗੀ । ਇਹਨਾਂ ਮੁਕਾਬਲਿਆਂ ਵਿੱਚੋਂ ਪਹਿਲੇ ਦੋ ਸਥਾਨ ਪ੍ਰਾਪਤ ਕਰਤਾ ਟੀਮਾਂ ਹੀ ਰਾਜ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲੈ ਸਕਣਗੀਆਂ ।

(III) ਇਕਾਂਗੀ ਅਤੇ ਗੱਤਕਾ ਮੁਕਾਬਲਿਆਂ ਤੋਂ ਬਿਨਾਂ ਹਰੇਕ ਮੁਕਾਬਲੇ ਵਿੱਚੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਤਾ ਵਿਦਿਆਰਥੀ/ਟੀਮਾਂ ਰਾਜ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲੈ ਸਕਣਗੀਆਂ ।

(IV) ਆਮ ਗਿਆਨ ਦੇ ਮੁਕਾਬਲੇ ਵਿੱਚ ਖੇਤਰ ਪੱਧਰ ‘ਤੇ ਜੇਤੂ ਰਹੇ ਵਿਦਿਆਰਥੀ ਸਿੱਧੇ ਰਾਜ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲੈਣਗੇ ।

(V) ਪੰਜਾਬੀ ਲੋਕ-ਨਾਚ (ਕੁੜੀਆਂ ਵਾਸਤੇ) - ਗਿੱਧ੍ਹਾ ਜਾਂ ਸੰਮੀ, ਪੰਜਾਬੀ ਲੋਕ ਨਾਚ (ਮੁੰਡਿਆਂ ਲਈ) ਭੰਗੜਾ ਜਾਂ ਝੂਮਰ ਜਾਂ ਮਲਵੱਈ ਗਿੱਧਾ ਅਤੇ ਆਮ ਗਿਆਨ-ਦੂਸਰੇ ਅਤੇ ਤੀਸਰੇ ਵਰਗ ਦੇ ਇਹਨਾਂ ਮੁਕਾਬਲਿਆਂ ਲਈ ਐਂਟਰੀ ਸਿੱਧੀ ਖੇਤਰ ਪੱਧਰ ਤੋਂ ਹੋਵੇਗੀ ।

## (ਸ) ਰਾਜ ਪੱਧਰ :

(I) ਰਾਜ ਪੱਧਰ ਦੇ ਮੁਕਾਬਲੇ ਪ੍ਰਾਸਪੈਕਟਸ ਵਿੱਚ ਦਰਜ ਮਿਤੀਆਂ ਨੂੰ ਮੋਹਾਲੀ ਵਿਖੇ ਆਯੋਜਿਤ ਕਰਵਾਏ ਜਾਣਗੇ । ਜੇਕਰ ਇਸ ਸੰਬੰਧੀ ਕੋਈ ਸੋਧ/ ਤਬਦੀਲੀ ਬੋਰਡ ਵੱਲੋਂ ਕੀਤੀ ਜਾਂਦੀ ਹੈ ਤਾਂ ਉਸ ਦੀ ਸੂਚਨਾ ਵੇਰਵੇ ਸਹਿਤ ਖੇਤਰ ਵਿੱਚ ਦੇ ਦਿੱਤੀ ਜਾਵੇਗੀ ।

## 9. ਆਮ ਨਿਯਮ :

I. ਇੱਕ ਸਕੂਲ, ਪ੍ਰਤੀ ਮੁਕਾਬਲਾ ਕੇਵਲ, ਇੱਕ ਹੀ ਵਿਦਿਆਰਥੀ/ਟੀਮ ਭਾਗ ਲੈਣ ਲਈ ਭੇਜ ਸਕਦਾ ਹੈ ਭਾਵ ਇੱਕ ਸਕੂਲ ਦਾ ਕੋਈ ਵਿਦਿਆਰਥੀ ਇੱਕ ਤੋਂ ਵੱਧ ਮੁਕਾਬਲਿਆਂ ਵਿੱਚ ਭਾਗ ਨਹੀਂ ਲੈ ਸਕਦਾ ।

II. ਸਕੂਲਾਂ ਵੱਲੋਂ ਬੋਰਡ ਨੂੰ ਭੇਜੇ ਗਏ ਪ੍ਰਵੇਸ਼ -ਕਮ-ਰਜਿਸਟਰੇਸ਼ਨ ਫ਼ਾਰਮ ਵਿੱਚ ਦਰਜ ਵਿਦਿਆਰਥੀਆਂ/ ਟੀਮਾਂ ਦੀ ਕਿਸੇ ਪੱਧਰ ਤੇ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ ।

**III.** ਟੀਮ/ਵਿਦਿਆਰਥੀ ਨਾਲ਼ ਭੇਜੇ ਗਏ ਅਧਿਆਪਕ ਲਈ ਆਯੋਜਕਾਂ ਵੱਲੋਂ ਮੰਗ ਕਰਨ ਤੇ ਆਪਣਾ ਸਚਿੱਤਰ ਪਹਿਚਾਨ-ਪੱਤਰ/ਸਕੂਲ ਮੁਖੀ ਵੱਲੋਂ ਜਾਰੀ ਅਥਾਰਟੀ ਪੱਤਰ ਵਿਖਾਉਣਾ ਲਾਜ਼ਮੀ ਹੋਵੇਗਾ।

**IV.** ਹਰ ਮੁਕਾਬਲੇ ਲਈ ਨਿਰਧਾਰਿਤ ਸਮੇਂ ਵਿੱਚ 15 ਸੈਕਿੰਡ ਦੀ ਰਿਆਇਤ ਦਿੱਤੀ ਜਾਵੇਗੀ।

**V.** ਮੁਕਾਬਲਿਆਂ ਲਈ ਬੋਰਡ ਵੱਲੋਂ ਨਿਸ਼ਚਿਤ ਕੀਤੀ ਗਈ ਟੀਮ ਮੈਂਬਰਾਂ ਦੀ ਗਿਣਤੀ ਘਟਾਈ/ਵਧਾਈ ਨਹੀਂ ਜਾਵੇਗੀ।

**VI.** ਕਿਸੇ ਵੀ ਮੁਕਾਬਲੇ ਵਿੱਚ ਕੋਈ ਵੀ ਅੰਸ਼ ਅਸ਼ਲੀਲ, ਰਾਸ਼ਟਰ ਵਿਰੋਧੀ, ਜਾਤ-ਪਾਤ, ਕਿਸੇ ਵਰਗ ਜਾਂ ਧਰਮ ਨੂੰ ਠੇਸ ਪਹੁੰਚਾਉਣ ਵਾਲ਼ਾ ਨਹੀਂ ਹੋਣਾ ਚਾਹੀਦਾ।

**VII.** ਮੁਕਾਬਲੇ ਵਿੱਚ ਭਾਗ ਲੈ ਰਹੇ ਕਿਸੇ ਵੀ ਸਕੂਲ/ਵਿਦਿਆਰਥੀ/ਅਧਿਆਪਕ ਜਾਂ ਸਹਿਯੋਗੀ ਵੱਲੋਂ ਕਿਸੇ ਵੀ ਕਿਸਮ ਦੀ ਬਦਸਲੂਕੀ ਕਰਨ ਤੇ ਉਸ ਸਕੂਲ ਵਿਰੁੱਧ ਬੋਰਡ ਵੱਲੋ ਸਖ਼ਤ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।

**VIII.** ਬੋਰਡ ਦੇ ਨਿਯਮਾਂ ਅਨੁਸਾਰ ਵਿੱਦਿਅਕ ਮੁਕਾਬਲਿਆਂ ਦੇ ਨਤੀਜੇ ਸੰਬੰਧੀ ਅੰਤਮ ਨਿਰਣਾ ਲੈਣ ਦਾ ਅਧਿਕਾਰ ਸੰਬੰਧਤ ਜੱਜਾਂ ਦਾ ਹੁੰਦਾ ਹੈ ਫਿਰ ਵੀ ਜੇਕਰ ਕੋਈ ਸਕੂਲ / ਵਿਅਕਤੀ ਜੱਜਾਂ ਦੇ ਨਿਰਣੇ ਸਬੰਧੀ ਅਪੀਲ ਕਰਨਾ ਚਾਹੇ ਤਾਂ ਉਹ ਮੁਕਾਬਲਾ ਖਤਮ ਹੋਣ ਤੋਂ ਕੰਮ ਵਾਲੇ (Working days) ਦੋ ਦਿਨਾਂ ਦੇ ਅੰਦਰ ਬੋਰਡ ਦੇ ਜ਼ਿਲ੍ਹਾ ਖੇਤਰੀ ਦਫਤਰਾਂ ਜਾਂ ਮੁੱਖ ਦਫਤਰ ਵਿਖੇ 1000 ਰੁਪਏ ਪ੍ਰਤੀ ਮੁਕਾਬਲਾ, ਅਪੀਲ-ਫੀਸ ਜਮ੍ਹਾਂ ਕਰਵਾ ਕੇ 5 ਦਿਨ ਦੇ ਅੰਦਰ ਪੂਰੇ ਦਸਤਾਵੇਜ਼ੀ ਸਬੂਤਾਂ ਸਮੇਤ ਆਪਣੀ ਪ੍ਰਤੀ ਬੇਨਤੀ ਉਪ ਡਾਇਰੈਕਟਰ (ਗਸਖਸ) ਪੰਜਾਬ ਸਕੂਲ ਸਿੱਖਿਆ ਬੋਰਡ ਫੇਜ਼-8 ਮੋਹਾਲੀ ਨੂੰ ਭੇਜ ਸਕਦਾ ਹੈ। ਜਮ੍ਹਾਂ ਕਰਵਾਈ ਫੀਸ ਦੀ ਅਸਲ ਰਸੀਦ ਪ੍ਰਤੀ ਬੇਨਤੀ ਨਾਲ ਭੇਜੀ ਜਾਵੇ। ਇਹ ਫ਼ੀਸ ਕਿਸੇ ਵੀ ਸੂਰਤ ਵਿੱਚ ਮੋੜਨ ਯੋਗ ਨਹੀਂ ਹੋਵੇਗੀ। ਰਾਜ ਪੱਧਰ ਦੇ ਮੁਕਾਬਲਿਆ ਵਿਚ ਅਪੀਲ ਦਰਸਾਈ ਵਿਧੀ ਅਨੁਸਾਰ ਮੌਕੇ ਤੇ ਕੀਤੀ ਜਾਵੇਗੀ ਅਤੇ ਤਕਨੀਕੀ ਕਮੇਟੀ ਉਸੇ ਵੇਲ ਅਪੀਲ ਤੇ ਨਿਰਣਾ ਦੇਵੇਗੀ।

**IX.** ਸੰਬੰਧਤ ਸਕੂਲ ਮੁਖੀ ਵੱਲੋਂ ਕਿਸੇ ਵੀ ਮੁਕਾਬਲੇ ਵਿੱਚ ਬਾਹਰੀ ਵਰਗ ਅਤੇ ਬਾਹਰੀ ਸਕੂਲ ਦੇ ਵਿਦਿਆਰਥੀ ਨੂੰ ਸ਼ਾਮਲ ਕਰਨ ਤੇ ਸਕੂਲ ਨੂੰ ਅਗਲੇ ਤਿੰਨ ਸਾਲਾਂ ਲਈ ਕਿਸੇ ਵੀ ਮੁਕਾਬਲੇ ਵਿੱਚ ਹਿੱਸਾ ਨਹੀਂ ਲੈਣ ਦਿੱਤਾ ਜਾਵੇਗਾ।

**X.** ਸਹਿਯੋਗੀਆਂ ਨੂੰ ਟੀਮ ਦੇ ਮੈਂਬਰ ਤਦ ਹੀ ਮੰਨਿਆ ਜਾਵੇਗਾ ਜੇਕਰ ਉਹ ਸੰਬੰਧਤ ਵਰਗ ਦੇ ਵਿਦਿਆਰਥੀ ਹੋਣਗੇ ਅਤੇ ਟੀਮ ਦੇ ਮੈਂਬਰਾਂ ਲਈ ਨਿਸ਼ਚਿਤ ਗਿਣਤੀ (ਸੀਮਾ) ਅਧੀਨ ਆਉਣਗੇ।

**XI.** ਜੇਕਰ ਕਿਸੇ ਵੀ ਮੁਕਾਬਲੇ ਵਿੱਚ ਹਿੱਸਾ ਲੈ ਰਹੀ ਟੀਮ ਦੇ ਵਿਦਿਆਰਥੀ ਖੁਦ ਹੀ ਸਾਜ਼ ਵਜਾਉਂਦੇ ਹਨ ਤਾਂ ਸਮੁੱਚੇ ਪ੍ਰਭਾਵ ਹੇਠ ਉਹਨਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਵੇਗਾ।

**XII.** ਗਿੱਧਾ ਅਤੇ ਭੰਗੜੇ ਤੋਂ ਬਿਨਾਂ ਬਾਕੀ ਸਾਰੀਆਂ ਟੀਮਾਂ ਵਿੱਚ ਲੜਕੇ ਅਤੇ ਲੜਕੀਆਂ ਦੋਵੇਂ ਭਾਗ ਲੈ ਸਕਦੇ ਹਨ।

**XIII.** ਇਹਨਾਂ ਨਿਯਮਾਂ ਵਿੱਚ ਕਿਸੇ ਕਿਸਮ ਦੀ ਸੋਧ/ਤਬਦੀਲੀ/ਛੋਟ ਅਤੇ ਵਿਆਖਿਆ ਕਰਨ ਦਾ ਅਧਿਕਾਰ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਕੋਲ਼ ਹੋਵੇਗਾ ਅਤੇ ਮੁਕਾਬਲਿਆਂ ਦੌਰਾਨ ਵਿਸ਼ੇਸ਼ ਸਥਿਤੀ, ਸਮੇਂ ਅਤੇ ਵਿਦਿਆਰਥੀ ਹਿਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਅਧਿਕਾਰ ਦੀ ਵਰਤੋਂ ਡਿਪਟੀ ਡਾਇਰੈਕਟਰ (ਗਸਖਸ) ਵੱਲੋਂ ਕੀਤੀ ਜਾ ਸਕਦੀ ਹੈ ਅਤੇ ਇਸ ਸੰਬੰਧੀ ਚੇਅਰਮੈਨ, ਪੰਜਾਬ ਸਕੂਲ ਸਿੱਖਿਆਂ ਬੋਰਡ ਨੂੰ ਬਾਅਦ ਵਿੱਚ ਸੂਚਨਾ ਦੇ ਦਿੱਤੀ ਜਾਵੇਗੀ।

XIV. ਸੋਲੋ ਡਾਂਸ ਅਤੇ ਲੋਕ ਗੀਤਾਂ ਵਿੱਚ ਰੀਮਿਕਸਿੰਗ ਦੀ ਆਗਿਆ ਨਹੀਂ ਹੈ ।

XV. ਕਿਤਾਬਚੇ ਵਿਚ ਦਰਜ ਮੁਕਾਬਲਿਆਂ ਸਬੰਧੀ ਜੇ ਕੋਈ ਤੱਥ, ਨਿਯਮਾਂ/ਵਿਨਿਯਮ ਸਾਮਲ ਕਰਨੋ ਰਹਿ ਗਿਆ ਹੋਵੇ ਜਾਂ ਕਿਸੇ ਨੁਕਤੇ ਦੀ ਵਿਆਖਿਆਂ ਕਰਨ ਦੀ ਲੋੜ ਹੋਵੇ ਤਾਂ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਇਸ ਮੰਤਵ ਲਈ ਅੰਤਿਮ ਅਥਾਰਟੀ ਹੋਣੇਗੇ ।

## 10. ਇਨਾਮ ਅਤੇ ਸਰਟੀਫ਼ਿਕੇਟ :

ਜ਼ਿਲ੍ਹਾ, ਖੇਤਰ ਅਤੇ ਰਾਜ ਪੱਧਰ ਦੇ ਹਰੇਕ ਮੁਕਾਬਲੇ ਵਿੱਚੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਤਾਵਾਂ ਨੂੰ ਬੋਰਡ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ । ਜੇਤੂ ਵਿਦਿਆਰਥੀਆਂ ਦੇ ਸਰਟੀਫਿਕੇਟ ਮੁਕਾਬਲਿਆਂ ਉਪਰੰਤ ਸੰਬੰਧਤ ਸਕੂਲਾਂ ਵਿੱਚ ਭੇਜੇ ਜਾਣਗੇ।

## 11. ਜੱਜਾਂ ਦੀ ਨਿਯੁਕਤੀ ਅਤੇ ਜਜਮੈਂਟ/ਕਾਰਜ :-

(I) ਆਮ ਗਿਆਨ ਲਈ ਹਰ 40 ਪ੍ਰਤੀਯੋਗੀਆਂ ਪਿੱਛੇ ਇੱਕ ਜੱਜ ਅਤੇ ਬਾਕੀ ਮੁਕਾਬਲਿਆਂ ਲਈ ਬੋਰਡ ਵੱਲੋਂ ਤਿੰਨ-ਤਿੰਨ ਜੱਜਾਂ ਦੀ ਨਿਯੁਕਤੀ ਕੀਤੀ ਜਾਵੇਗੀ ।

(II) ਬੋਰਡ ਵੱਲੋਂ ਨਿਯੁਕਤ ਕੀਤੇ ਜੱਜਾਂ ਵਿੱਚੋਂ ਜੇਕਰ ਕੋਈ ਜੱਜ ਸਮੇਂ ਸਿਰ ਆਯੋਜਨ ਕੇਂਦਰ ਵਿੱਚ ਨਹੀਂ ਪਹੁੰਚਦਾ ਤਾਂ ਉਸ ਦੀ ਥਾਂ ਤੇ ਆਯੋਜਨ ਕੇਂਦਰ ਮੁਖੀ ਅਤੇ ਬੋਰਡ ਵੱਲੋਂ ਆਯੋਜਨ ਕੇਂਦਰ ਤੇ ਡਿਊਟੀ ਦੇ ਰਿਹਾ ਬੋਰਡ ਅਧਿਕਾਰੀ ਨਿਰਧਾਰਤ ਯੋਗਤਾ ਅਤੇ ਕਾਬਲੀਅਤ ਰੱਖਣ ਵਾਲੇ ਕਿਸੇ ਹੋਰ ਵਿਅਕਤੀ ਨੂੰ ਬਤੌਰ ਜੱਜ ਨਿਯੁਕਤ ਕਰ ਸਕਦੇ ਹਨ ਪਰ ਨਿਯੁਕਤੀ ਕਰਨ ਤੋਂ ਪਹਿਲਾ ਇਸ ਸੰਬੰਧੀ ਫੋਨ ਤੇ ਡਿਪਟੀ ਡਾਇਰੈਕਟਰ (ਗਸਖਸ) ਦੀ ਪ੍ਰਵਾਨਗੀ ਪ੍ਰਾਪਤ ਕਰ ਲਈ ਜਾਵੇ ।

(III) ਜਜਮੈਂਟ ਕਰਨ ਵੇਲੇ ਜੱਜਾਂ ਨੂੰ ਇੱਕ ਦੂਜੇ ਤੋਂ ਲਗਭੱਗ 4-5 ਫੁੱਟ ਦੀ ਦੂਰੀ ਤੇ ਬੈਠਣ ਦਾ ਪ੍ਰਬੰਧ ਕੀਤਾ ਜਾਵੇ । ਨਾਲ ਹੀ ਪ੍ਰਬੰਧਕਾਂ ਨੂੰ ਇਸ ਗੱਲ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ ਕਿ ਜੱਜਾਂ ਨੂੰ ਸਟੇਜ ਤੇ ਪੂਰੀ ਪੇਸ਼ਕਾਰੀ ਦੇਖਣ ਵਿੱਚ ਕੋਈ ਔਕੜ ਨਾ ਆਵੇ ।

(IV) ਨਿਯੁਕਤ ਜੱਜ, ਜਜਮੈਂਟ ਲਈ ਵੱਖ-ਵੱਖ ਮੁਲਾਂਕਣ ਪ੍ਰੋਫਾਰਮੇ ਦੀ ਵਰਤੋਂ ਕਰਨਗੇ । ਮੁਲਾਂਕਣ ਪ੍ਰੋਫ਼ਾਰਮਿਆਂ ਤੇ ਜੱਜਾਂ ਵੱਲੋਂ ਵਿਦਿਆਰਥੀਆਂ/ਟੀਮਾਂ ਨੂੰ ਦਿੱਤੇ ਅੰਕਾਂ ਦੇ ਆਧਾਰ ਤੇ ਆਯੋਜਨ ਕੇਂਦਰ ਮੁਖੀ ਮੈਰਿਟ ਅਨੁਸਾਰ ਪਹਿਲੇ ਪੰਜ ਸਥਾਨ ਅਤੇ ਉਨ੍ਹਾਂ ਦੇ ਅੰਕ ਦਰਸਾਉਂਦੇ ਹੋਏ ਨਤੀਜਾ ਸ਼ੀਟ ਤਿਆਰ ਕਰਨਗੇ ਅਤੇ ਇਸ ਤੇ ਪੂਰੇ ਪਤੇ ਸਮੇਤ ਤਿੰਨੇ ਜੱਜਾਂ ਦੇ ਹਸਤਾਖ਼ਰ ਵੀ ਹੋਣੇ ਲਾਜ਼ਮੀ ਹਨ । ਇਹ ਨਤੀਜਾ ਸ਼ੀਟ ਆਯੋਜਨ ਕੇਂਦਰ ਮੁਖੀ ਵੱਲੋਂ ਵੀ ਤਸਦੀਕ ਕੀਤੀ ਜਾਵੇਗੀ ।

(V) ਜੇਕਰ ਕੋਈ ਜੱਜ ਸਾਹਿਬਾਨ ਚਾਹੁਣ ਤਾਂ ਆਪਸੀ ਸਹਿਮਤੀ ਬਣਾ ਕੇ ਭਾਗ ਲੈ ਚੁੱਕੀਆਂ ਟੀਮਾਂ ਦੀ ਪੇਸ਼ਕਾਰੀ ਤੇ ਟਿੱਪਣੀ ਕਰਕੇ ਉਹਨਾਂ ਦੀਆਂ ਊਣਤਾਈਆਂ ਬਾਰੇ ਜਾਣਕਾਰੀ ਵੀ ਦੇ ਸਕਦੇ ਹਨ ।

(VI) ਪ੍ਰਾਸਪੈਕਟਸ ਵਿੱਚ ਦਰਜ ਅੰਕਾਂ ਦੀ ਵੰਡ ਦੇ ਅਧਾਰ ਤੇ ਹੀ ਮੁਕਾਬਲਿਆਂ ਦੀ ਜਜਮੈਂਟ ਕੀਤੀ ਜਾਵੇ ।

(VII) ਆਯੋਜਨ ਕੇਂਦਰ ਪ੍ਰਬੰਧਕ ਅਤੇ ਜੱਜ ਸਾਹਿਬਾਨ ਤਾਲਮੇਲ ਨਾਲ ਇਹ ਯਕੀਨੀ ਬਣਾ ਲੈਣ ਕਿ ਮੁਕਾਬਲਿਆਂ ਦੀ ਜਜਮੈਂਟ ਸਮੇਂ ਜੱਜ ਸਾਹਿਬਾਨ ਨੂੰ ਹਰ ਅਜਿਹੀ ਗਤੀ ਵਿਧੀ (ਮੋਬਾਇਲ ਦੀ ਵਰਤੋਂ, ਮੁਕਾਬਲੇ ਸਮੇਂ ਚਾਹ ਪਾਣੀ, ਜੱਜਾਂ ਦੀ ਕਿਸੇ ਦੂਜੇ ਵਿਅਕਤੀ ਨਾਲ ਗੱਲ-ਬਾਤ ਆਦਿ) ਤੋਂ ਨਿਰਲੇਪ ਰੱਖਿਆ ਜਾਵੇ ਤਾਂ ਜੋ ਉਹਨਾਂ ਤੇ ਇਹ ਇਲਜ਼ਾਮ ਨਾ ਲੱਗ ਸਕੇ ਕਿ ਉਹਨਾਂ ਨੇ ਜੱਜਮੈਂਟ ਸਮੇਂ ਪੇਸ਼ਕਾਰੀ ਵੱਲ ਪੂਰਾ ਧਿਆਨ ਨਹੀਂ ਦਿੱਤਾ ।

VIII. ਮੁਕਾਬਲੇ ਦੀ ਅੰਤਿਮ ਜੱਜਮੈਂਟ ਵਿਚ ਲੜੀ ਨੰ./ਕੋਢ ਨੰਬਰ ਦੇ ਨਾਲ-ਨਾਲ ਵਿਦਿਆਰਥੀ/ਟੀਮ ਦੇ ਵਿਦਿਆਰਥੀ ਦਾ ਨਾਂ ਅਤੇ ਸਕੂਲ ਦਾ ਨਾਂ ਪੂਰਾ ਅਤੇ ਸਹੀ ਦਰਜ ਕੀਤਾ ਜਾਵੇ ।

IX. ਪਹਿਲੇ ਤੋ ਚੌਥੇ ਸਥਾਨ ਦੇ ਆਉਣ ਵਾਲੇ ਵਿਦਿਆਰਥੀ/ਟੀਮ ਦੇ ਪੂਰੇ ਮੈਬਰਾਂ ਦੇ ਨਾਂ ਅਤੇ ਸਕੂਲ ਦਾ

ਪੂਰਾ ਅਤੇ ਸਹੀ ਨਾਂ ਨਾਲ ਭਰੇ ਨਤੀਜਾ ਪ੍ਰਫੋਰਮਾ ਰਜਿਸਟ੍ਰੇਸ਼ਨ ਫਾਰਮ, ਤਿਆਰ ਕੀਤੀ ਅੰਤਿਮ ਜਜਮੈਂਟ ਦੇ ਨਾਲ-ਨੱਥੀ ਕੀਤੇ ਜਾਣ। ਇਸਨੂੰ ਅਤਿ ਜਰੂਰੀ ਸਮਜਿਆ ਜਾਵੇ ।

## 12. ਨਤੀਜੇ :

(I) **ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸਮੂਹ ਮੁਕਾਬਲਿਆਂ ਦੇ ਨਤੀਜੇ ਮਿਤੀ 27 ਜੁਲਾਈ, 2010 ਤੱਕ ਸੁਪਰਡੰਟ, ਗੁਣਾਤਮਿਕ ਸਿੱਖਿਆ ਤੇ ਖੇਤਰੀ ਸੇਵਾਵਾਂ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਮੋਹਾਲੀ, ਨੂੰ ਭੇਜਣਗੇ ।**

(II) ਹਰੇਕ ਪੱਧਰ ਦੇ ਹਰੇਕ ਮੁਕਾਬਲੇ ਵਿੱਚੋਂ ਤਿੰਨ ਸਥਾਨ ਪ੍ਰਾਪਤ ਕਰਤਾਵਾਂ ਦੇ ਨਤੀਜੇ ਮੁਕਾਬਲਾ ਖ਼ਤਮ ਹੋਣ ਉਪਰੰਤ ਸਟੇਜ ਤੋਂ ਘੋਸ਼ਿਤ ਕੀਤੇ ਜਾਣਗੇ ।

(III) ਜੇਕਰ ਕਿਸੇ ਪੱਧਰ ਉੱਤੇ ਕਿਸੇ ਮੁਕਾਬਲੇ ਵਿੱਚ ਅੰਕਾਂ ਦੇ ਅਧਾਰ ਤੇ ਕੋਈ ਟੀਮ/ਵਿਦਿਆਰਥੀ ਬਰਾਬਰ ਸਥਾਨ ਪ੍ਰਾਪਤ ਕਰਦੇ ਹਨ ਤਾਂ ਦੋਨਾਂ ਟੀਮਾਂ ਦੇ ਮੁਖੀ, ਆਯੋਜਨ ਕੇਂਦਰ ਮੁਖੀ, ਸੰਬੰਧਤ ਜੱਜ ਅਤੇ ਬੋਰਡ ਵੱਲੋਂ ਭੇਜੇ ਗਏ ਅਧਿਕਾਰੀ ਦੀ ਹਾਜ਼ਰੀ ਵਿੱਚ ਟਾਸ/ਪਰਚੀ ਸਿਸਟਮ ਰਾਹੀਂ ਸਥਾਨ ਪ੍ਰਾਪਤੀ ਬਾਰੇ ਨਿਰਣਾ ਕੀਤਾ ਜਾਵੇਗਾ । ਇਸ ਫੈਸਲੇ ਨੂੰ ਅੰਤਮ ਮੰਨਦੇ ਹੋਏ ਸੰਬੰਧਤ ਟੀਮ / ਵਿਦਿਆਰਥੀ /ਸਕੂਲ ਮੁੱਖੀ ਵੱਲੋਂ ਕਿਸੇ ਕਿਸਮ ਦਾ ਕੋਈ ਕਿੰਤੂ - ਪਰੰਤੂ ਵਿਚਾਰ ਯੋਗ ਨਹੀਂ ਹੋਵੇਗਾ।

## 13. ਆਯੋਜਨ ਕੇਂਦਰ ਵੱਲੋਂ ਨਿਭਾਏ ਜਾਣ ਵਾਲੇ ਕਾਰਜ :

(I) ਮੁਕਾਬਲਿਆਂ ਲਈ ਯੋਗ ਪ੍ਰਬੰਧ ਕਰਨੇ ।

(II) ਬੋਰਡ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਬਾਹਰੋਂ ਆਏ ਟੀਮ ਮੁਖੀਆਂ ਅਤੇ ਜੱਜਾਂ ਨੂੰ ਸਹਿਯੋਗ ਦੇਣਾ।

(III) ਕੇਂਦਰ ਮੁੱਖੀ ਹਰੇਕ ਮੁਕਾਬਲੇ ਦੇ ਨਤੀਜੇ ਦੀ ਇੱਕ ਫੋਟੋ ਕਾਪੀ ਘੱਟੋ-ਘੱਟ ਇੱਕ ਸਾਲ ਲਈ ਆਪਣੇ ਰਿਕਾਰਡ ਵਿੱਚ ਰੱਖਣਗੇ ।

(IV) ਸੁੰਦਰ-ਲਿਖਾਈ, ਚਿੱਤਰਕਲਾ, ਮੌਲਿਕ-ਲਿਖਤ ਅਤੇ ਆਮ ਗਿਆਨ ਮੁਕਾਬਲਿਆਂ ਦੇ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀਆਂ ਉੱਤਰ ਪੱਤਰੀਆਂ ਸੀਲ ਬੰਦ ਕਰਕੇ ਬੋਰਡ ਅਧਿਕਾਰੀ ਨੂੰ ਸੌਂਪਣਗੇ ਅਤੇ ਬਾਕੀ ਉੱਤਰ ਪੱਤਰੀਆਂ ਆਪਣੇ ਰਿਕਾਰਡ ਵਿੱਚ ਰੱਖਣਗੇ ।

(V) ਖਰਚੇ ਦੀਆਂ ਰਸੀਦਾਂ ਨੂੰ ਆਯੋਜਨ ਕੇਂਦਰ ਮੁਖੀ ਤਸਦੀਕ ਕਰਨਗੇ ।

## 14. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਸਹਿ-ਅਕਾਦਮਿਕ ਮੁਕਾਬਲਿਆਂ ਦਾ ਵੇਰਵਾ :

### (1) ਸ਼ਬਦ -ਗਾਇਨ

I. **ਸਮਾਂ :-**

| | | |
|---|---|---|
| (1) | ਪਹਿਲਾ ਵਰਗ | 3 ਮਿੰਟ ਤੋਂ 5 ਮਿੰਟ |
| (2) | ਦੂਸਰਾ ਵਰਗ ਅਤੇ ਤੀਸਰਾ ਵਰਗ | 5 ਮਿੰਟ ਤੋਂ 7 ਮਿੰਟ |

II. ਸ਼ਬਦ-ਗਾਇਨ ਲਈ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚੋਂ ਹੀ ਹੋਵੇਗਾ ।

III. ਸ਼ਬਦ ਗਾਇਨ ਦੀ ਤਾਲ ਕੋਈ ਵੀ ਹੋ ਸਕਦੀ ਹੈ ।

IV. ਟੀਮ ਵਿੱਚ ਤਿੰਨ ਤੋਂ ਪੰਜ ਤੱਕ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ । ਟੀਮ ਦੇ ਨਾਲ ਵੱਧ ਤੋਂ ਵੱਧ ਦੋ

ਬਾਹਰੀ ਸਜ਼ਿੰਦੇ ਸਿਰਫ਼ ਹਾਰਮੋਨੀਅਮ ਅਤੇ ਤਬਲਾ ਵਜਾਉਣ ਲਈ ਸ਼ਾਮਲ ਹੋ ਸਕਦੇ ਹਨ ।

V. ਸ਼ਬਦ-ਗਾਇਨ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੱਧ ਤੋਂ ਵੱਧ ਪੰਜ ਹੋਵੇਗੀ । ਸਾਜ਼ੀ, ਟੀਮ ਦਾ ਹਿੱਸਾ ਨਹੀਂ ਮੰਨੇ ਜਾਣਗੇ ਪਰ ਕਿਸੇ ਸੂਰਤ ਵਿੱਚ ਜੇਕਰ ਸ਼ਬਦ-ਗਾਇਨ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ ਤਿੰਨ ਹੋਣ ਅਤੇ ਦੋ ਸਾਜ਼ ਵਜਾਉਣ ਵਾਲੇ ਵੀ ਉਸੇ ਵਰਗ ਦੇ ਵਿਦਿਆਰਥੀ ਹੋਣ ਤਾਂ ਉਹ ਵੀ ਟੀਮ ਦਾ ਹਿੱਸਾ ਮੰਨੇ ਜਾਣਗੇ । ਭਾਵ ਕੁੱਲ-ਪੰਜ ਵਿਦਿਆਰਥੀ ਹੀ ਟੀਮ ਦਾ ਹਿੱਸਾ ਮੰਨੇ ਜਾਣਗੇ । ਹਰਮੋਨੀਅਮ ਅਤੇ ਤਬਲੇ ਤੋਂ ਇਲਾਵਾ ਹੋਰ ਸਾਜ਼ਾਂ ਦਾ ਇਸਤੇਮਾਲ ਵਰਜਿਤ ਹੈ ।

VI. ਸ਼ਬਦ-ਗਾਇਨ ਸਮੇਂ ਮਰਿਆਦਾ ਦਾ ਪੂਰਾ-ਪੂਰਾ ਧਿਆਨ ਰੱਖਿਆ ਜਾਵੇ ।

**VII. ਜੱਜਮੈਂਟ ਲਈ ਮਾਪ ਦੰਡ ਅਤੇ ਅੰਕ ਵੰਡ :**

| | | | |
|---|---|---|---|
| 1) | ਸੁਰ ਅਤੇ ਲੈਅ - 5 ਅੰਕ | 2) | ਉਚਾਰਨ ਸ਼ੈਲੀ - 5 ਅੰਕ |
| 3) | ਗਾਉਣ ਸ਼ੈਲੀ - 5 ਅੰਕ | 4) | ਪੇਸ਼ਕਾਰੀ - 5 ਅੰਕ |
| 5) | ਆਪਸੀ ਤਾਲਮੇਲ - 5 ਅੰਕ | 6) | ਸਮੁੱਚਾ ਪ੍ਰਭਾਵ - 5 ਅੰਕ |

**ਨੋਟ : ਸਟੇਜ ਉੱਤੇ ਆਉਣ ਤੋਂ ਪਹਿਲਾਂ ਹੀ ਸਾਜ਼ਾਂ ਨੂੰ ਸੁਰ ਵਿੱਚ ਕਰ ਕੇ ਲਿਆਇਆ ਜਾਵੇ ।**

## (2) ਵਾਰ-ਗਾਇਨ

I. ਸਮਾਂ : 3 ਤੋਂ 5 ਮਿੰਟ ।

II. ਟੀਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਤਿੰਨ ਹੀ ਹੋਣੀ ਚਾਹੀਦੀ ਹੈ ।

III. ਵਾਰ-ਗਾਇਨ ਨਾਲ ਸੰਬੰਧਤ ਲੋਕ-ਸਾਜ਼ ਕੇਵਲ, ਢੱਡ, ਸਾਰੰਗੀ ਦੀ ਹੀ ਵਰਤੋਂ ਕੀਤੀ ਜਾ ਸਕਦੀ ਹੈ। (ਸਾਰੰਗੀ ਨੂੰ ਮਾਈਕ ਜਾਂ ਸਪੀਕਰ ਦੀ ਤਾਰ ਨਾਲ ਨਾ ਜੋੜਿਆ ਜਾਵੇ )

IV. ਪ੍ਰਤੀਯੋਗੀਆਂ ਦਾ ਸਾਥ ਦੋ ਸਾਜਿੰਦੇ ਦੇ ਸਕਦੇ ਹਨ ।

V. ਵਾਰ ਪੜ੍ਹ ਕੇ ਨਹੀਂ ਗਾਈ ਜਾਵੇਗੀ ।

**VI. ਜੱਜਮੈਂਟ ਲਈ ਮਾਪ ਦੰਡ ਅਤੇ ਅੰਕ ਵੰਡ :**

(1) ਕਾਵਿ ਰੂਪ : ਪੌੜੀ ਛੰਦ ਵਿੱਚ ਹੋਣਾ ਚਾਹੀਦਾ ਹੈ - 5 ਅੰਕ

(2) ਗਾਉਣ ਸ਼ੈਲੀ : ਗਾਉਣ ਸ਼ੈਲੀ, ਛੰਦ ਦੇ ਮੁਤਾਬਕ ਹੋਵੇ - 5 ਅੰਕ

(3) ਗਰੁੱਪ ਦਾ ਆਪਸੀ ਤਾਲਮੇਲ : ਗਾਉਣ ਵਾਲਿਆਂ ਦਾ ਸੁਰ ਇੱਕੋ ਜਿਹਾ ਹੋਵੇ ਅਤੇ ਗਾਉਣ ਦੀ ਤਰਤੀਬ, ਵਾਰ ਅਨੁਸਾਰ ਹੋਵੇ - 5 ਅੰਕ

(4) ਪੇਸ਼ਕਾਰੀ/ਸਮੁੱਚਾ ਪ੍ਰਭਾਵ : ਕੀ ਸਾਜ਼ ਗਵੱਈਆ ਆਪ ਵਜਾਉਂਦਾ ਹੈ, ਕੀ ਪਹਿਰਾਵਾ ਢੁਕਵਾਂ ਹੈ, ਕੀ ਸਰੀਰਕ ਮੁਦਰਾਵਾਂ ਵਾਰ ਦੇ ਅਨੁਸਾਰ ਹਨ - 15 ਅੰਕ

## (3) ਕਵੀਸ਼ਰੀ

I. ਸਮਾਂ 3 ਤੋਂ 5 ਮਿੰਟ ।

II. ਸਾਜ਼ ਵਰਤਣ ਦੀ ਮਨਾਹੀ ਹੈ ।

**III.** ਕਵੀਸ਼ਰੀ ਵਿੱਚ ਤਿੰਨ ਹੀ ਵਿਦਿਆਰਥੀ ਭਾਗ ਲੈ ਸਕਦੇ ਹਨ ।

**IV.** ਕਵੀਸ਼ਰੀ ਪੜ੍ਹ ਕੇ ਨਹੀਂ ਗਾਈ ਜਾਵੇਗੀ ।

**V. ਜੱਜਮੈਂਟ ਕਰਨ ਲਈ ਮਾਪ ਦੰਡ ਅਤੇ ਅੰਕ ਵੰਡ :**

(1) ਵਿਸ਼ਾ - 3 ਅੰਕ
(2) ਮੰਚ ਉੱਤੇ ਸਵੈ-ਵਿਸ਼ਵਾਸ - 3 ਅੰਕ
(3) ਉਚਾਰਨ / ਅਵਾਜ਼ - 6 ਅੰਕ
(4) ਆਪਸੀ ਤਾਲਮੇਲ - 3 ਅੰਕ
(5) ਹਾਵ-ਭਾਵ ਤੇ ਮੁਦਰਾਵਾਂ - 6 ਅੰਕ
(6) ਸਰੋਤਿਆਂ ਉੱਤੇ ਪ੍ਰਭਾਵ - 4 ਅੰਕ
(7) ਸਮੁੱਚਾ ਪ੍ਰਭਾਵ - 5 ਅੰਕ

## (4) ਭਾਸ਼ਣ

**I. ਸਮਾਂ :**

1) ਪਹਿਲਾ ਵਰਗ — 2 ਮਿੰਟ ਤੋਂ 3 ਮਿੰਟ
2) ਦੂਸਰਾ ਵਰਗ ਅਤੇ ਤੀਸਰਾ ਵਰਗ — 3 ਮਿੰਟ ਤੋਂ 5 ਮਿੰਟ

**II.** ਭਾਸ਼ਣ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ/ਉਰਦੂ ਕੋਈ ਵੀ ਹੋ ਸਕਦਾ ਹੈ ।

**III.** ਭਾਸ਼ਣ ਦਾ ਵਿਸ਼ਾ ਦਿੱਤੇ ਹੋਏ ਸਿਰਲੇਖਾਂ ਵਿੱਚੋਂ ਹੀ ਹੋਵੇਗਾ ਅਤੇ ਭਾਸ਼ਣ ਪੜ੍ਹ ਕੇ ਨਹੀਂ ਬੋਲਿਆ ਜਾਵੇਗਾ ।

**IV.** ਭਾਸ਼ਣ ਦਾ ਸਮਾਂ ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਹੀ ਨੋਟ ਕੀਤਾ ਜਾਵੇਗਾ ਅਰਥਾਤ ਜੇਕਰ ਵਿਦਿਆਰਥੀ ਮੁੱਖ ਮਹਿਮਾਨ ਜਾਂ ਕਿਸੇ ਹੋਰ ਵਿਅਕਤੀ ਬਾਰੇ ਬੋਲਦਾ ਹੈ ਤਾਂ ਉਹ ਵੀ ਸਮੇਂ ਦੀ ਸੀਮਾ ਵਿੱਚ ਸ਼ਾਮਲ ਕੀਤਾ ਜਾਵੇਗਾ ।

**V. ਜੱਜਮੈਂਟ ਕਰਨ ਲਈ ਮਾਪ ਦੰਡ ਅਤੇ ਅੰਕ ਵੰਡ :**

(1) ਵਿਸ਼ਾ ਵਸਤੂ - 5 ਅੰਕ (2) ਭਾਸ਼ਾ - 5 ਅੰਕ (3) ਉਚਾਰਨ - 5 ਅੰਕ (4) ਸਰੋਤਿਆਂ ਨਾਲ ਸੰਚਾਰ - 5 ਅੰਕ (5) ਮੰਚ ਤੇ ਸਵੈ-ਵਿਸ਼ਵਾਸ ਅਤੇ ਸਹਿਜ ਸੁਭਾਵਿਕਤਾ - 5 ਅੰਕ (6) ਸਮੁੱਚਾ ਪ੍ਰਭਾਵ-5 ਅੰਕ

### ਭਾਸ਼ਣ ਲਈ ਵਰਗ ਵਾਰ ਸਿਰਲੇਖ

| ਪਹਿਲਾ ਵਰਗ<br>ਪਹਿਲੀ ਤੋਂ ਪੰਜਵੀਂ | ਦੂਸਰਾ ਵਰਗ<br>ਛੇਵੀ ਤੋਂ ਅੱਠਵੀਂ | ਤੀਸਰਾ ਵਰਗ<br>ਨੌਵੀਂ ਤੋਂ ਬਾਰ੍ਹਵੀਂ |
|---|---|---|
| 1. ਮੇਰੇ ਦਾਦਾ ਜੀ | 1. ਜੀਵਨ ਵਿੱਚ ਅਨੁਸ਼ਾਸਨ | 1. ਮਨੁੱਖੀ ਜੀਵਨ ਤੇ ਧਰਮ ਦਾ ਪ੍ਰਭਾਵ |
| 2. ਪਿੰਡ ਦੀ ਸਵੇਰ | 2. ਸਮਾਜ ਵਿੱਚ ਲੜਕੀਆਂ ਦੀ ਘਟਦੀ ਗਿਣਤੀ | 2. ਨੌਜਵਾਨ ਪੀੜ੍ਹੀ ਤੇ ਪੱਛਮੀ ਸੱਭਿਅਤਾ ਦਾ ਪ੍ਰਭਾਵ |
| 3. ਰੁੱਖ ਤੇ ਮਨੁੱਖ | 3. ਮੇਰੇ ਬਚਪਨ ਦੇ ਦਿਨ | 3. ਭਰੂਣ ਹੱਤਿਆ |
| 4. ਜੇ ਮੈਂ ਅਧਿਆਪਕ ਹੋਵਾਂ | 4. ਕੌਮੀ ਏਕਤਾ | 4. ਭਾਰਤ ਦੀ ਆਜ਼ਾਦੀ ਸਗਰਾਮ ਵਿੱਚ ਕੂਕਿਆਂ ਦਾ ਯੋਗਦਾਨ |
| 5. ਸੜਕ ਸੁਰੱਖਿਆ | 5. ਸ਼ੋਰ ਪ੍ਰਦੂਸ਼ਨ | 5. ਸੱਚੇ ਮਾਰਗ ਚਲਦਿਆਂ ਉਸਤਤਿ ਕਰੇ ਜਹਾਨ । |

## (5) ਸੁੰਦਰ – ਲਿਖਾਈ

**I.** ਸਮਾਂ : 30 ਮਿੰਟ ।

**II.** ਮਾਧਿਅਮ ਪੰਜਾਬੀ, ਹਿੰਦੀ, ਅੰਗਰੇਜ਼ੀ ਜਾਂ ਉਰਦੂ ਭਾਸ਼ਾਵਾਂ ਵਿੱਚੋਂ ਕੋਈ ਵੀ ਹੋ ਸਕਦਾ ਹੈ ।

**III.** ਸੁੰਦਰ-ਲਿਖਾਈ ਲਈ ਬੋਰਡ ਦੁਆਰਾ ਨਿਰਧਾਰਿਤ ਸ਼ੀਟ ਆਯੋਜਨ ਕੇਂਦਰ ਵੱਲੋਂ ਦਿੱਤੀ ਜਾਵੇਗੀ ।

**IV.** ਵਿਦਿਆਰਥੀ ਲਈ ਬੋਰਡ ਵੱਲੋਂ ਦਿੱਤੇ ਗਏ ਪੈਰ੍ਹੇ ਨੂੰ ਲਗਾਂ, ਮਾਤਰਾ ਸਣੇ ਪੂਰਾ-ਪੂਰਾ ਲਿਖਣਾ ਜ਼ਰੂਰੀ ਹੋਵੇਗਾ। ਪਹਿਲੇ ਵਰਗ ਲਈ ਸੁੰਦਰ ਲਿਖਾਈ ਦਾ ਪੈਰ੍ਹਾ ਲਗਭਗ 35 ਸ਼ਬਦਾਂ ਦਾ, ਦੂਜੇ ਅਤੇ ਤੀਜੇ, ਵਰਗ ਲਈ 50 ਸ਼ਬਦਾਂ ਦਾ ਹੋਵੇਗਾ ।

**V.** ਲਿਖਣ-ਯੋਗ ਸਮਗਰੀ ਜਿਵੇਂ ਕਾਨੇ ਵਾਲੀ ਕਲਮ, ਸਿਆਹੀ ਅਤੇ ਡਰਾਇੰਗ ਬੋਰਡ/ਗੱਤਾ ਆਦਿ ਵਿਦਿਆਰਥੀ ਆਪ ਲੈ ਕੇ ਆਉਣਗੇ ।

**VI.** **ਹਰ ਵਰਗ ਦੇ ਵਿਦਿਆਰਥੀ ਕਾਨੇ ਵਾਲੀ ਕਲਮ ਅਤੇ ਕਾਲੀ ਸਿਆਹੀ ਦੀ ਹੀ ਵਰਤੋਂ ਕਰਨ । ਕਿਸੇ ਕਿਸਮ ਦੇ ਪੈਨੱ ਜਾਂ ਨਿੱਬ, ਫਿਲਊਡ ਆਦਿ ਦੀ ਵਰਤੋਂ ਕਰਨ ਦੀ ਸਖ਼ਤ ਮਨਾਹੀ ਹੈ ।**

**VII.** **ਜੱਜਮੈਂਟ ਲਈ ਮਾਪਦੰਡ ਅਤੇ ਅੰਕ ਵੰਡ :**

(1) ਪੈਰ੍ਹੇ ਨੂੰ ਇੰਨ-ਬਿੰਨ ਲਿਖਣਾ – 4 ਅੰਕ (2) ਲਿਖਾਈ ਦੀ ਸ਼ੁੱਧਤਾ, ਪੜ੍ਹਨ ਯੋਗਤਾ, ਬਿਨਾ ਕਟਿੰਗ, ਬਿਨਾ ਗ਼ਲਤੀ, ਅੱਖਰਾਂ ਅਤੇ ਲਗਾਂ ਦੀ ਠੀਕ ਬਨਾਵਟ – 8 ਅੰਕ (3) ਮੌਲਿਕਤਾ : ਅੱਖਰਾਂ ਅਤੇ ਲਗਾਂ ਦੀ ਇੱਕਸਾਰਤਾ – 7 ਅੰਕ (4) ਲਿਖਾਈ ਦੀ ਇਕਸਾਰਤਾ ਭਾਵ ਲੈਅ : ਅੱਖਰਾਂ ਅਤੇ ਸ਼ਬਦਾਂ ਵਿਚ ਆਪਸੀ ਫ਼ਾਸਲਾ, ਸ਼ੀਟ ਉੱਤੇ ਲਿਖੇ ਹੋਏ ਅੱਖਰਾਂ ਵਿਚ ਫ਼ਾਸਲੇ ਦੀ ਇੱਕਸਾਰਤਾ-7 ਅੰਕ (5) ਸਮੁੱਚਾ ਪ੍ਰਭਾਵ – 4 ਅੰਕ

## (6) ਚਿੱਤਰਕਲਾ

**I.** **ਸਮਾਂ :**

| | |
|---|---|
| (1) ਪਹਿਲਾ ਵਰਗ | 2 ਘੰਟੇ |
| (2) ਦੂਸਰਾ ਵਰਗ ਅਤੇ ਤੀਸਰਾ ਵਰਗ | 2 ਘੰਟੇ 30 ਮਿੰਟ |

**II.** **ਸ਼ੀਟ ਦਾ ਆਕਾਰ –**

| | |
|---|---|
| ਪਹਿਲੇ ਵਰਗ ਲਈ – | 11 ਇੰਚ x 15 ਇੰਚ (1/4 ਇੰਪੀਰੀਅਲ ਸ਼ੀਟ) |
| ਦੂਸਰੇ ਅਤੇ ਤੀਸਰੇ ਵਰਗ ਲਈ | 20 ਇੰਚ x 15 ਇੰਚ (1/2) ਇੰਪੀਰੀਅਲ ਸ਼ੀਟ) |

ਸ਼ੀਟ ਦਾ ਸਾਈਜ਼ ਪੂਰਾ-ਪੂਰਾ ਉੱਪਰ ਦਿੱਤੇ ਅਨੁਸਾਰ ਹੋਣਾ ਜ਼ਰੂਰੀ ਹੈ । ਸ਼ੀਟ ਦਾ ਆਕਾਰ ਵੱਧ-ਘੱਟ ਹੋਣ ਤੇ ਸ਼ੀਟ ਨੂੰ ਰੱਦ ਸਮਝਿਆ ਜਾਵੇਗਾ ।

**III.** ਚਿੱਤਰਕਲਾ ਆਇਲ ਕਲਰ ਅਤੇ ਸਕੈੱਚ ਪੈਨੱ ਨੂੰ ਛੱਡ ਕੇ ਕਿਸੇ ਵੀ ਰੰਗ-ਮਾਧਿਅਮ ਵਿੱਚ ਕੀਤੀ ਜਾ ਸਕਦੀ ਹੈ ।

**IV.** ਚਿੱਤਰਕਾਰੀ ਦਾ ਸਾਮਾਨ ਜਿਵੇਂ ਡਰਾਇੰਗ ਬੋਰਡ, ਸ਼ੀਟ, ਬੁਰਸ਼ ਅਤੇ ਰੰਗ, ਵਿਦਿਆਰਥੀ ਆਪ ਲੈ ਕੇ ਆਉਣਗੇ

**V.** ਜੱਜਮੈਂਟ ਲਈ ਮਾਪ ਦੰਡ ਅਤੇ ਅੰਕ ਵੰਡ :

(1) ਕਲਾ ਅਤੇ ਆਪਾ ਪ੍ਰਗਟਾਅ - 5 ਅੰਕ (2) ਡਰਾਇੰਗ / ਕੰਪੋਜੀਸ਼ਨ - 10 ਅੰਕ
(3) ਰੰਗ ਯੋਜਨਾ - 5 ਅੰਕ (4) ਲਾਈਟ ਐਂਡ ਸ਼ੇਡ - 5 ਅੰਕ (5) ਸਮੁੱਚਾ ਪ੍ਰਭਾਵ - 5 ਅੰਕ

ਨੋਟ :- ਚਿੱਤਰਕਲਾ ਲਈ ਸ਼ੀਟ ਵਿਦਿਆਰਥੀ ਖੁਦ ਲੈ ਕੇ ਆਉਣਗੇ ।

## (7) ਆਮ-ਗਿਆਨ

(ਇਹ ਮੁਕਾਬਲਾ ਦੂਸਰੇ ਅਤੇ ਤੀਸਰੇ ਵਰਗ ਲਈ ਖੇਤਰ ਪੱਧਰ ਤੋਂ ਅਰੰਭ ਹੋਵੇਗਾ ।)

**I.** ਸਮਾਂ : 1 ਘੰਟਾ 30 ਮਿੰਟ

**II.** ਵਿਦਿਆਰਥੀ ਆਪਣੇ ਨਾਲ ਕੇਵਲ ਗੱਤਾ ਅਤੇ ਕਾਲੀ ਸਿਆਹੀ ਵਾਲਾ ਬਾਲ-ਪੈਨੱ ਲੈ ਕੇ ਆਉਣਗੇ ।

**III.** ਆਮ-ਗਿਆਨ ਨਾਲ ਸੰਬੰਧਤ ਪਰਚਾ ਯਥਾਰਥਿਕ ਰੂਪ (objective type) ਦਾ ਹੋਵੇਗਾ ਜਿਸ ਵਿੱਚ 100 ਪ੍ਰਸ਼ਨ ਹੋਣਗੇ।

**IV.** ਪ੍ਰਸ਼ਨ-ਪੱਤਰ ਵਿਚਲੇ 100 ਸਵਾਲਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ । ਹਰੇਕ ਪ੍ਰਸ਼ਨ ਲਈ ਇੱਕ ਅੰਕ ਨਿਰਧਾਰਿਤ ਹੈ :-

(1) ਸਮਾਜ ਵਿਗਿਆਨਕ ਵਿਸ਼ੇ/ਸੂਚਨਾ - 20 (2) ਸ਼ੁੱਧ ਵਿਗਿਆਨਕ ਵਿਸ਼ੇ/ਸੂਚਨਾ-20

(3) ਪੰਜਾਬ ਦਾ ਵਿਰਸਾ ਅਤੇ ਸੱਭਿਆਚਾਰ-20 (4) ਤਾਜ਼ਾ ਤਰੀਨ ਵਿਸ਼ੇ/ਸੂਚਨਾ - 20

(5) ਪੰਜਾਬ ਤੋਂ ਇਲਾਵਾ ਭਾਰਤ ਦੇ ਦੂਜੇ ਰਾਜਾਂ ਦਾ ਵਿਰਸਾ ਅਤੇ ਸੱਭਿਆਚਾਰ-20

**V.** ਵਿਦਿਆਰਥੀ ਨੂੰ ਹਰ ਸਵਾਲ ਦੇ ਦਿੱਤੇ ਚਾਰ ਉੱਤਰਾਂ ਵਿੱਚੋਂ ਇੱਕ ਨੂੰ ਜਿਸ ਨੂੰ ਉਹ ਸਹੀ ਸਮਝਦਾ ਹੈ, ਟਿੱਕ ਕਰਨਾ ਹੋਵੇਗਾ ।

**VI.** ਇਹ ਮੁਕਾਬਲੇ ਖੇਤਰ ਅਤੇ ਰਾਜ ਪੱਧਰ ਤੇ ਹੀ ਕਰਵਾਏ ਜਾਣਗੇ ।

**VII.** ਇਸ ਮੁਕਾਬਲੇ ਲਈ ਹਰ ਸਕੂਲ ਵੱਧ ਤੋਂ ਵੱਧ ਇੱਕ ਵਿਦਿਆਰਥੀ ਹੀ ਭੇਜ ਸਕਦਾ ਹੈ ।

**VIII.** ਆਮ ਗਿਆਨ ਦੀਆਂ ਉੱਤਰ-ਪੱਤਰੀਆਂ ਬੋਰਡ ਦੀ ਮਲਕੀਅਤ ਹੋਣਗੀਆਂ ।

**IX.** ਜਵਾਬ ਟਿੱਕ ਕਰਨ ਲਈ ਕੇਵਲ ਕਾਲੀ ਸਿਆਹੀ ਵਾਲਾ ਪੈਨੱ ਜਾਂ ਬਾਲ-ਪੈਨੱ ਹੀ ਇਸਤੇਮਾਲ ਕੀਤਾ ਜਾਵੇ।

**X.** ਜਵਾਬ ਦੇਣ ਲੱਗਿਆਂ, ਅੱਖਰ ਉੱਤੇ ਮੁੜ ਅੱਖਰ ਲਿਖਣ ਜਾਂ ਨਿਸ਼ਾਨੀ ਲਗਾਉਣ ਲੱਗਿਆਂ ਦੁਬਾਰਾ-ਦੁਬਾਰਾ ਨਿਸ਼ਾਨ, ਲਗਾਉਣ ਤੇ ਉਹ ਉੱਤਰ ਰੱਦ ਮੰਨਿਆ ਜਾਵੇਗਾ ।

**XI.** ਸਵਾਲ ਦਾ ਜਵਾਬ ਦੇਣ ਲੱਗਿਆਂ ਪੂਰੀ ਤਰ੍ਹਾਂ ਸੋਚ ਕੇ ਲਿਖਿਆ ਜਾਵੇ । ਇੱਕ ਵਾਰ ਲਗਾਏ ਗਏ ਨਿਸ਼ਾਨ ਨੂੰ ਰਬੜ ਨਾਲ ਜਾਂ ਕਿਸੇ ਵੀ ਵਸਤੂ ਨਾਲ ਮਿਟਾਉਣ ਜਾਂ ਕਿਸੇ ਕਿਸਮ ਦੀ ਤਬਦੀਲੀ ਕਰਨ ਤੇ ਕੋਈ ਅੰਕ ਨਹੀਂ ਦਿੱਤਾ ਜਾਵੇਗਾ ਭਾਵ ਉੱਤਰ ਗਲਤ ਮੰਨਿਆ ਜਾਵੇਗਾ ।

**XII.** ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਪ੍ਰਸ਼ਨ-ਪੱਤਰ ਉੱਤੇ ਦਿੱਤੀਆਂ ਗਈਆਂ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹ ਲਿਆ ਜਾਵੇ ।

## (8) ਮੌਲਿਕ-ਲਿਖਤ

(ਇਹ ਮੁਕਾਬਲਾ ਹਰ ਪੱਧਰ ਤੇ ਕੇਵਲ ਤੀਜੇ ਵਰਗ ਦੇ ਵਿਦਿਆਰਥੀਆਂ ਲਈ ਹੀ ਹੈ)

**I.** ਸਮਾਂ : 1 ਘੰਟਾ

**II.** ਵਿਦਿਆਰਥੀ ਪੈਨੱ, ਕਾਗਜ਼, ਗੱਤਾ ਆਦਿ ਸਮਗਰੀ ਆਪਣੇ ਨਾਲ ਲੈ ਕੇ ਆਉਣਗੇ ।

**III.** ਵਿਦਿਆਰਥੀਆਂ ਨੂੰ ਮੌਕੇ ਤੇ ਦੱਸੇ ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇੱਕ ਤੇ ਮੌਲਿਕ ਲਿਖਤ ਲਿਖਣੀ ਹੋਵੇਗੀ ।

**IV.** ਮੌਲਿਕ-ਲਿਖਤ ਸਾਹਿਤ ਦੇ ਕਿਸੇ ਵੀ ਰੂਪ ਵਿੱਚ ਹੋ ਸਕਦੀ ਹੈ ਜਿਵੇਂ ਕਵਿਤਾ, ਕਹਾਣੀ, ਸੰਵਾਦ, ਯਾਤਰਾ, ਲੇਖ ਆਦਿ ।

**V.** ਲਿਖਤ ਦਾ ਮਾਧਿਅਮ ਪੰਜਾਬੀ / ਹਿੰਦੀ/ਅੰਗਰੇਜ਼ੀ/ਉਰਦੂ ਕੋਈ ਵੀ ਹੋ ਸਕਦਾ ਹੈ ।

**VI.** ਹਰ ਪੱਧਰ ਤੇ ਪ੍ਰਾਪਤ ਲਿਖਤਾਂ ਬੋਰਡ ਦੀ ਮਲਕੀਅਤ ਹੋਣਗੀਆਂ ਅਤੇ ਲੋੜ ਅਨੁਸਾਰ ਬੋਰਡ ਇਹਨਾਂ ਲਿਖਤਾਂ ਨੂੰ ਆਪਣੇ ਮੈਗਜ਼ੀਨਾਂ ਜਾਂ ਪਾਠ ਪੁਸਤਕਾਂ ਵਿੱਚ ਛਾਪ ਸਕਦਾ ਹੈ ਜਾਂ ਕਿਸੇ ਵੀ ਤਰੀਕੇ ਨਾਲ ਵਰਤ ਸਕਦਾ ਹੈ ।

**VII. ਮਾਪਦੰਡ ਅਤੇ ਅੰਕ ਵੰਡ :**

(1) ਮੌਲਿਕਤਾ ਅਤੇ ਸਿਰਜਣਾਤਮਿਕਤਾ-8 ਅੰਕ (2) ਕਲਪਨਾ -7 ਅੰਕ

(3) ਪ੍ਰਗਟਾਵਾ - 7 ਅੰਕ (4) ਸਮੁੱਚਾ ਪ੍ਰਭਾਵ - 8 ਅੰਕ

ਕਲਪਨਾ ਤੋਂ ਭਾਵ ਵਿਚਾਰਾਂ ਦਾ ਨਵਾਂਪਣ, ਨਵੀਂ ਦ੍ਰਿਸ਼ਟੀ, ਨਵੀਂ ਵਿਆਖਿਆ, ਨਵੀਂ ਪਹੁੰਚ ਹੈ। ਪ੍ਰਗਟਾਵੇ ਅਧੀਨ ਕੇਵਲ ਸ਼ਬਦ ਜੋੜ ਹੀ ਨਹੀਂ ਸ਼ਬਦ ਚੋਣ, ਵਾਕ ਬਣਤਰ, ਮੁਹਾਵਰੇ, ਕਾਵਿਕ-ਅੰਸ਼, ਨਾਟਕੀ ਅੰਸ਼, ਕਹਾਣੀ ਅੰਸ਼, ਵਿਚਾਰਾਂ ਦੀ ਤਰਤੀਬ ਆਦਿ ਵੀ ਹੋਣਗੇ ।

## 9. ਲੋਕ-ਗੀਤ/ਸਾਹਿਤਿਕ-ਗੀਤ

**I.** ਸਮਾਂ : 3 ਤੋਂ 5 ਮਿੰਟ

**II.** ਲੋਕ-ਗੀਤ/ਸਾਹਿਤਿਕ-ਗੀਤ ਪੜ੍ਹ ਕੇ ਨਹੀਂ ਗਾਏ ਜਾਣਗੇ ।

**III.** ਲੋਕ-ਗੀਤ/ਸਾਹਿਤਿਕ-ਗੀਤ ਦਾ ਮਾਧਿਅਮ ਪੰਜਾਬੀ/ਹਿੰਦੀ ਹੋ ਸਕਦਾ ਹੈ ।

**VI.** ਲੋਕ-ਗੀਤ/ਸਾਹਿਤਿਕ ਗੀਤ ਗਾਉਣ ਵਾਲਾ ਵਿਦਿਆਰਥੀ ਖਾਸ ਡਰੈਸੱ ਵੀ ਪਹਿਨ ਸਕਦਾ ਹੈ ।

**V.** ਲੋਕ-ਗੀਤ/ਸਾਹਿਤਿਕ-ਗੀਤ ਗਾਉਣ ਵਾਲਾ ਵਿਦਿਆਰਥੀ ਇਕੱਲਾ ਹੀ ਹੋਵੇਗਾ ।

**VI.** ਲੋਕ-ਗੀਤਾਂ ਵਿੱਚ ਹਰਮੋਨੀਅਮ ਦੀ ਵਰਤੋਂ ਤੇ ਸਖ਼ਤ ਮਨਾਹੀ ਹੈ । ਇਹਨਾਂ ਵਿੱਚ ਤੂੰਬੀ, ਸਾਰੰਗੀ, ਅਲਗੋਜ਼ਾ, ਵੰਝਲੀ, ਤੂੰਬਾ, ਢੋਲਕੀ, ਘੜਾ, ਚਿਮਟਾ, ਡਫ਼ਲੀ ਆਦਿ ਭਾਵ ਲੋਕ-ਸਾਜ਼ਾਂ ਦੀ ਵਰਤੋਂ ਕੀਤੀ ਜਾਵੇ । ਸਾਹਿਤਿਕ ਗੀਤਾਂ ਵਿੱਚ ਕਿਸੇ ਵੀ ਸਾਜ਼ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ । ਇਹਨਾਂ ਵਿੱਚ ਸਾਜ਼ਾਂ ਤੇ ਕੋਈ ਪਾਬੰਦੀ ਨਹੀਂ ਹੈ । ਵੱਧ ਤੋਂ ਵੱਧ ਦੋ ਸਾਜ਼ਿੰਦੇ ਹੀ ਸਾਜ਼ ਵਜਾਉਣ ਲਈ ਗਾਇਕ ਦਾ ਸਾਥ ਦੇ ਸਕਦੇ ਹਨ ।

**VII.** ਲੋਕ-ਗੀਤ/ਸਾਹਿਤਿਕ-ਗੀਤ ਦਾ ਸਮਾਂ ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਨੋਟ ਕੀਤਾ ਜਾਵੇਗਾ, ਅਰਥਾਤ ਜੋ ਕੁਝ ਵੀ ਵਿਦਿਆਰਥੀ ਬੋਲਦਾ ਹੈ, ਟਾਈਮ ਲਿਮਟ ਵਿੱਚ ਸ਼ਾਮਲ ਕੀਤਾ ਜਾਵੇਗਾ ।

(1) ਗੀਤ ਦੀ ਚੋਣ - 5 ਅੰਕ (2) ਲੈਅ ਤੇ ਆਵਾਜ਼ - 10 ਅੰਕ (3) ਸ਼ੁੱਧ ਉਚਾਰਨ - 5 ਅੰਕ

(6) ਸਾਜ਼ਾਂ ਨਾਲ ਤਾਲਮੇਲ - 5 ਅੰਕ (5) ਸਮੁੱਚਾ ਪ੍ਰਭਾਵ- 5 ਅੰਕ

## 10. ਕਵਿਤਾ ਉਚਾਰਨ

**I.** ਸਮਾਂ : 3 ਤੋਂ 5 ਮਿੰਟ

**II.** ਕਵਿਤਾ ਦਾ ਮਾਧਿਅਮ ਪੰਜਾਬੀ /ਹਿੰਦੀ/ਅੰਗਰੇਜ਼ੀ ਹੋ ਸਕਦਾ ਹੈ ।

**III.** ਕਵਿਤਾ-ਉਚਾਰਨ ਸਮੇਂ ਕਿਸੇ ਕਿਸਮ ਦਾ ਵੀ ਸਾਜ਼ ਵਰਤਣ ਦੀ ਮਨਾਹੀ ਹੈ ।

**VI.** ਕਵਿਤਾ ਗਾ ਕੇ ਪੇਸ਼ ਕੀਤੀ ਜਾ ਸਕਦੀ ਹੈ ਪਰ ਇਸ ਕਾਰਨ ਵਿਦਿਆਰਥੀ ਨੂੰ ਵਿਸ਼ੇਸ਼ ਲਾਭ ਨਹੀਂ ਦਿੱਤਾ ਜਾਵੇਗਾ । ਪਹਿਲ ਇਸ ਗੱਲ ਨੂੰ ਦਿੱਤੀ ਜਾਵੇਗੀ ਕਿ ਕੀ ਵਿਦਿਆਰਥੀ ਕਵਿਤਾ ਦੇ ਅੰਤਰੀਵ-ਭਾਵ ਨੂੰ, ਸੁਰ, ਟੋਨ, ਦਬਾਅ, ਉਤਰਾਅ ਅਤੇ ਚੜਾਅ ਨਾਲ ਪੇਸ਼ ਕਰ ਸਕਿਆ ਹੈ ਜਾਂ ਨਹੀ ?

**V.** **ਜੱਜਮੈਂਟ ਲਈ ਮਾਪ ਦੰਡ ਅਤੇ ਅੰਕ ਵੰਡ :**

(1) ਕਵਿਤਾ ਦੀ ਚੋਣ - 3 ਅੰਕ (2) ਕਵਿਤਾ ਦੇ ਭਾਵਾਂ ਨਾਲ ਇਕਸੁਰਤਾ, ਸੁਭਾਵਿਕਤਾ, 4 ਅੰਕ ਕਾਵਿਕ ਮਾਹੌਲ ਦੀ ਸਿਰਜਣਾ - 10 ਅੰਕ (4) ਸਰੋਤਿਆ ਉੱਤੇ ਪ੍ਰਭਾਵ - 4 ਅੰਕ (5) ਉਚਾਰਨ - 4 ਅੰਕ (6) ਸਮੁੱਚਾ ਪ੍ਰਭਾਵ - 5 ਅੰਕ

ਨੋਟ :- ਵਿਦਿਆਰਥੀ ਦੇ ਮੰਚ ਤੇ ਆ ਕੇ ਸੰਬੋਧਨ ਕਰਨ ਤੋਂ ਹੀ ਮੁਕਾਬਲੇ ਦਾ ਸਮਾਂ ਸ਼ੁਰੂ ਹੋਇਆ ਮੰਨਿਆ ਜਾਵੇਗਾ ।

## 11. ਸੋਲੋ-ਡਾਂਸ

**(ਇਹ ਮੁਕਾਬਲਾ ਕੇਵਲ ਪਹਿਲੇ ਅਤੇ ਦੂਸਰੇ ਵਰਗ ਲਈ ਹੀ ਹੈ ।)**

**I.** ਸਮਾਂ : 3 ਤੋਂ 5 ਮਿੰਟ

**II.** ਪੰਜਾਬੀ/ਉੱਤਰੀ ਭਾਰਤ ਦੇ ਸੱਭਿਆਚਾਰ ਦੀ ਪ੍ਰਤੀਨਿੱਧਤਾ ਕਰਨ ਵਾਲੇ ਸੰਗੀਤ ਦੀ ਹੀ ਪੇਸ਼ਕਾਰੀ ਹੋਣੀ ਚਾਹੀਦੀ ਹੈ, ਸ਼ਾਸਤਰੀ ਸੰਗੀਤ ਦੀ ਮਨਾਹੀ ਹੈ । ਫ਼ਿਲਮੀ ਰਿਕਾਰਡਿੰਗ ਦੀ ਇਜਾਜ਼ਤ ਨਹੀਂ।

**III.** ਡਾਂਸ, ਪੰਜਾਬੀ / ਉੱਤਰੀ ਭਾਰਤ ਦੇ ਸੱਭਿਆਚਾਰ ਦੇ ਮੁਤਾਬਕ ਹੋਵੇ । ਗੀਤ/ਡਾਂਸ ਅਤੇ ਪਹਿਰਾਵੇ ਵਿੱਚ ਅਸ਼ਲੀਲਤਾ ਨਹੀਂ ਹੋਣੀ ਚਾਹੀਦੀ ।

**IV.** ਵਿਦਿਆਰਥੀ ਆਪਣੀ ਕਲਾ ਦਾ ਪ੍ਰਦਰਸ਼ਨ ਇਕੱਲਾ ਹੀ ਸਟੇਜ ਤੇ ਕਰੇਗਾ । ਪ੍ਰਦਰਸ਼ਨੀ ਦੌਰਾਨ ਸਟੇਜ ਤੋਂ ਹੇਠਾਂ ਉਤਰਨ ਦੀ ਮਨਾਹੀ ਹੋਵੇਗੀ ।

**V.** ਅਧਿਆਪਕ/ਸਹਿਯੋਗੀ ਪਰਦੇ ਪਿੱਛੇ ਵਿਦਿਆਰਥੀ ਦਾ ਸਾਥ ਦੇ ਸਕਦਾ ਹੈ ਭਾਵ ਸੰਗੀਤ ਵਜਾਉਂਣ ਜਾਂ ਕੈਸਟ ਲਾਉਣਾ ਆਦਿ ।

**VI.** ਸਮਾਜ ਦੇ ਕਿਸੇ ਵਰਗ ਨੂੰ ਠੇਸ ਪਹੁੰਚਾਉਣ ਪ੍ਰਤੀ ਸਖ਼ਤ ਮਨਾਹੀ ਹੈ ।

**VII.** ਜੱਜਮੈਂਟ ਲਈ ਮਾਪ ਦੰਡ ਅਤੇ ਅੰਕ ਵੰਡ :-

(1) ਵਿਸ਼ਾ ਵਸਤੂ ਅਤੇ ਪਹਿਰਾਵੇ ਦੀ ਚੋਣ - 5 ਅੰਕ (2) ਸਟੇਜ ਤੇ ਆਮਦ - 5 ਅੰਕ (3) ਮੁਦਰਾਵਾਂ - 5 ਅੰਕ (4) ਪੇਸ਼ਕਾਰੀ ਲੈਅ ਅਤੇ ਤਾਲ ਦਾ ਸੁਮੇਲ -10 ਅੰਕ (5) ਸਮੁੱਚਾ ਪ੍ਰਭਾਵ - 5 ਅੰਕ

## 12. ਇਕਾਂਗੀ

**(ਇਹ ਮੁਕਾਬਲਾ ਖੇਤਰ ਪੱਧਰ ਤੋਂ ਕੇਵਲ ਤੀਜੇ ਵਰਗ ਲਈ ਹੀ ਹੈ ।**

**I.** ਸਮਾਂ : 25 ਤੋਂ 35 ਮਿੰਟ ਹੋਵੇਗਾ ।

**II.** ਮੰਚ ਤੇ ਨਿਰਦੇਸ਼ਕ ਵੱਲੋਂ ਇਕਾਂਗੀ ਸੰਬੰਧੀ ਸੰਬੋਧਨ ਕਰਨ ਤੋਂ ਹੀ ਸਮਾਂ ਸ਼ੁਰੂ ਹੋਇਆ ਮੰਨਿਆ

ਜਾਵੇਗਾ। ਸਟੇਜ ਸੈਟਿੰਗ ਲਈ 10 ਮਿੰਟ ਦਾ ਸਮਾਂ ਅਤੇ ਸਟੇਜ ਨੂੰ ਸਮੇਟਣ ਲਈ 5 ਮਿੰਟ ਦਾ ਸਮਾਂ ਨਿਸ਼ਚਿਤ ਸਮੇਂ ਤੋਂ ਵੱਖਰਾ ਦਿੱਤਾ ਜਾਵੇਗਾ ।

**III.** ਇਕਾਂਗੀ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ/ਉਰਦੂ ਵਿੱਚੋਂ ਕੋਈ ਇੱਕ ਹੋ ਸਕਦਾ ਹੈ ।

**IV.** ਵਿਦਿਆਰਥੀਆਂ ਦੀ ਗਿਣਤੀ ਵੱਧ ਤੋਂ ਵੱਧ 12 ਹੋਵੇਗੀ । ਇੱਕ ਵਿਦਿਆਰਥੀ ਕਲਾਕਾਰ, ਇਕਾਂਗੀ ਵਿੱਚ ਇੱਕ ਤੋਂ ਵੱਧ ਚਰਿੱਤਰਾਂ ਜਾਂ ਪਾਤਰਾਂ ਦਾ ਰੋਲ ਵੀ ਨਿਭਾਅ ਸਕਦਾ ਹੈ ।

**V.** ਟੀਮ ਦੇ ਨਾਲ ਪਰਦੇ ਪਿੱਛੇ ਗੀਤ ਗਾਉਣ ਲਈ ਵਿਦਿਆਰਥੀ/ਅਧਿਆਪਕ ਹੀ ਸਹਿਯੋਗੀ ਹੋ ਸਕਦੇ ਹਨ । ਬੈਕ ਗਰਾਉਂਡ ਮਿਊਜ਼ਿਕ ਲਈ ਰਿਕਾਰਡਿੰਗ ਦੀ ਵਰਤੋਂ ਕੀਤੀ ਜਾ ਸਕਦੀ ਹੈ । ਮੇਕਅੱਪ ਮੈਨ ਬਾਹਰਲਾ ਵਿਅਕਤੀ/ਟੀਚਰ ਵੀ ਹੋ ਸਕਦਾ ਹੈ ।

**VI.** ਕਿਸੇ ਵੀ ਕਿਸਮ ਦੀ ਸਹਾਇਕ ਸਮਗਰੀ ਟੀਮ ਦੀ ਆਪਣੀ ਹੋਵੇਗੀ, ਨਾ ਕਿ ਆਯੋਜਕ ਜਾਂ ਬੋਰਡ ਦੀ ।

**VII.** ਖੇਤਰ ਪੱਧਰ ਦੇ ਮੁਕਾਬਲਿਆਂ ਵਿੱਚੋਂ ਪਹਿਲੇ ਦੋ ਸਥਾਨ ਲੈਣ ਵਾਲੀਆਂ ਟੀਮਾਂ ਹੀ ਰਾਜ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣਗੀਆਂ ।

**VIII.** ਇਕਾਂਗੀ ਦੀ ਜੱਜਮੈਂਟ ਲਈ ਮਾਪ ਦੰਡ ਅਤੇ ਅੰਕ ਵੰਡ :

ਸਟੇਜ ਸੈਟਿੰਗ, ਪਹਿਰਾਵਾ/ਮੇਕਅੱਪ, ਸਹਾਇਕ ਸਮਗਰੀ ਦੀ ਯੋਗ ਵਰਤੋਂ ਜਿਵੇਂ ਲਾਈਟ ਆਦਿ, ਸੰਗੀਤ ਦੀ ਵਰਤੋਂ, ਵਿਸ਼ਾ ਵਸਤੂ, ਐਕਟਿੰਗ, ਵਾਰਤਾਲਾਪ, ਨਿਰਦੇਸ਼ਨ ਅਤੇ ਸਮੁੱਚਾ ਪ੍ਰਭਾਵ ।

**XI.** ਇਕਾਂਗੀ ਦੀ ਜੱਜਮੈਂਟ ਲਈ ਅਤੇ ਅੰਕ ਵੰਡ ਲਈ ਮੁਕਾਬਲੇ ਆਰੰਭ ਹੋਣ ਤੋਂ ਪਹਿਲਾਂ ਜੱਜ ਸਾਹਿਬਾਨ ਮੀਟਿੰਗ ਕਰਕੇ ਨੀਤੀ ਤੈਅ ਕਰ ਲੈਣ ਤਾਂ ਜੋ ਜੱਜਮੈਂਟ ਲਈ ਮਾਪਢੰਡਾਂ ਅਤੇ ਅੰਕ ਵੰਡ ਵਿੱਚ ਇਕਸਾਰਤਾ ਰਹਿ ਸਕੇ ।

ਨੋਟ :- ਕਹਾਣੀ ਮੁਤਾਬਕ ਲੋੜ ਪੈਣ ਤੇ ਹੇਠਲੇ ਵਰਗ ਦੇ ਬੱਚੇ ਨੂੰ ਟੀਮ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਉਸ ਨੂੰ ਟੀਮ ਦਾ ਮੈਂਬਰ ਨਹੀਂ ਮੰਨਿਆ ਜਾਵੇਗਾ ।

## 13. ਪੰਜਾਬੀ ਲੋਕ-ਨਾਚ (ਮੁੰਡਿਆਂ ਵਾਸਤੇ)

## ਭੰਗੜਾ ਜਾਂ ਝੂਮਰ ਜਾਂ ਮਲਵਈ ਗਿੱਧਾ

**(ਇਹ ਮੁਕਾਬਲਾ ਦੂਸਰੇ ਅਤੇ ਤੀਸਰੇ ਵਰਗ ਲਈ ਖੇਤਰ ਪੱਧਰ ਤੋਂ ਅਰੰਭ ਹੋਵੇਗਾ ।)**

**I.** ਸਮਾਂ :-

| | |
|---|---|
| 1) ਦੂਸਰਾ ਵਰਗ | 7 ਮਿੰਟ ਤੋਂ 10 ਮਿੰਟ |
| 2) ਤੀਸਰਾ ਵਰਗ | 9 ਮਿੰਟ ਤੋਂ 12 ਮਿੰਟ |

**II.** ਸਮੇਂ ਦੀ ਗਿਣਤੀ ਢੋਲ ਦੇ ਪਹਿਲੇ ਡੱਗੇ/ਢੋਲਕੀ ਦੀ ਥਾਪ ਤੋਂ ਸ਼ੁਰੂ ਮੰਨੀ ਜਾਵੇਗੀ । ਇਸ ਸੰਬੰਧੀ ਢੋਲੀ ਨੂੰ, ਭਾਗ ਲੈ ਰਹੀ ਟੀਮ ਵੱਲੋਂ ਸੁਚੇਤ ਕੀਤਾ ਜਾਵੇ ।

**III.** ਇਸ ਅਧੀਨ ਕੇਵਲ ਲੋਕ -ਨਾਚ ਦਾ ਇੱਕ ਰੂਪ ਭੰਗੜਾ, ਝੂਮਰ ਜਾਂ ਮਲਵਈ ਗਿੱਧਾ ਪੇਸ਼ ਕਰਨ ਦੀ ਆਗਿੱਆ ਹੈ । ਨਾਚ ਦੀ ਅਦਾਇਗੀ ਦੀਆਂ ਅਦਾਵਾਂ ਪਰੰਪਰਾਗਤ ਤਾਲ ਤੇ ਆਧਾਰਿਤ ਹੋਣਗੀਆਂ ਅਤੇ ਇਹਨਾਂ ਨੂੰ ਵੱਧ ਤੋਂ ਵੱਧ ਰਵਾਇਤੀ ਅਤੇ ਪ੍ਰਮਾਣਿਕ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇ ।

**IV.** ਭਾਗ ਲੈਣ ਵਾਲਿਆਂ ਦੀ ਗਿਣਤੀ ਅੱਠ ਤੋਂ ਦਸ ਹੋਵੇਗੀ । (ਸਹਿਯੋਗੀਆਂ ਤੋਂ ਇਲਾਵਾ)

**V.** ਚਾਰ ਸਹਿਯੋਗੀ (ਢੋਲੀ/ਢੋਲਕੀ ਵਾਦਕ ਸਮੇਤ) ਨੂੰ ਸਾਥ ਦੇਣ ਦੀ ਆਗਿੱਆ ਹੈ ।

**VI.** ਬੋਲੀਆਂ ਜਾਂ ਗੀਤ ਗਾਉਣ ਵਾਲਾ ਕੇਵਲ ਉਸੇ ਵਰਗ ਦਾ ਵਿਦਿਆਰਥੀ ਹੀ ਹੋਣਾ ਚਾਹੀਦਾ ਹੈ ਨਾ ਕਿ ਕੋਈ ਬਾਹਰਲਾ ਵਿਅਕਤੀ ।

VII. ਨਾਚ ਵਿੱਚ ਸੰਗੀਤਕ-ਨਾਟ ਦੇ ਦ੍ਰਿਸ਼ ਸ਼ਾਮਲ ਨਹੀਂ ਹੋਣੇ ਚਾਹੀਦੇ।

VIII. ਅਸੱਭਿਆ ਜਾਂ ਅਸ਼ਲੀਲ ਬੋਲੀਆਂ ਪਾਉਣ ਦੀ ਆਗਿੱਆ ਨਹੀਂ । ਗਾਉਣ ਰਵਾਇਤੀ ਅਤੇ ਤੇ ਆਧਾਰਿਤ ਹੋਵੇ ।

IX. ਭੰਗੜਾ ਵੱਧ ਤੋਂ ਵੱਧ ਰਵਾਇਤੀ ਹੋਣਾ ਚਾਹੀਦਾ ਹੈ । ਲੋਕ-ਨਾਚਾਂ ਦੀ ਪ੍ਰਕਿਰਤੀ ਅਨੁਸਾਰ ਉਹਨਾਂ ਦੀ ਚਾਲ-ਗਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ । ਬੇਲੋੜੀ ਤੇਜ਼ੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

X. **ਹੋਰ ਸੁਝਾਅ :-**

(ੳ) ਕੇਵਲ ਰਵਾਇਤੀ ਮਰਦਾਵਾਂ ਪਹਿਰਾਵਾ ਹੀ ਪਾਇਆ ਜਾਵੇ ਜਿਵੇਂ ਕਿ ਕੁੜਤਾ-ਚਾਦਰਾ । ਉਸ ਨਾਲ ਜੈਕਟ ਪਹਿਨਣੀ ਅਤੇ ਪਗੜੀ ਬੰਨਣੀ ਵੀ ਜ਼ਰੂਰੀ ਹੈ ।

(ਅ) ਗੋਟਾ ਕੇਵਲ ਪੱਟੀ ਉਤੇ ਲਾਇਆ ਜਾਵੇ । ਪਹਿਰਾਵੇ ਦੇ ਕਿਸੇ ਹੋਰ ਹਿੱਸੇ ਤੇ ਗੋਟਾ ਨਾ ਲਾਇਆ ਜਾਵੇ।

(ੲ) ਕੇਵਲ ਦੋ ਪ੍ਰਕਾਰ ਦੇ ਗਹਿਣੇ ਪਾਏ ਜਾ ਸਕਦੇ ਹਨ ਜਿਵੇਂ ਗਲ਼ੇ ਵਿੱਚ ਕੈਂਠਾ, ਤਵੀਤੀ ਜਾਂ ਗਾਨੀ ਅਤੇ ਕੰਨਾਂ ਵਿੱਚ ਨੱਤੀਆਂ/ਮੁੰਦਰਾਂ ਪਾਈਆਂ ਜਾ ਸਕਦੀਆਂ ਹਨ ।

(ਸ) ਪ੍ਰਤੀਯੋਗਤਾ ਦੇ ਨਤੀਜੇ ਦਾ ਫੈਸਲਾ ਕਰਨ ਸਮੇਂ ਕੇਵਲ ਚੰਗੇ ਪਹਿਰਾਵੇ ਕਰਕੇ ਵੱਧ ਅੰਕ ਨਹੀਂ ਦਿੱਤੇ ਜਾਣਗੇ ਸਗੋਂ ਲੋਕ-ਨਾਚ ਦੀ ਪੇਸ਼ਕਾਰੀ ਨੂੰ ਹੀ ਪ੍ਰਮੁੱਖਤਾ ਦਿੱਤੀ ਜਾਵੇਗੀ ।

(ਹ) ਭੰਗੜੇ, ਝੂਮਰ ਜਾਂ ਮਲਵਈ ਗਿੱਧੇ ਦੀ ਪੇਸ਼ਕਾਰੀ ਸਮੇਂ ਕੇਵਲ ਰਵਾਇਤੀ ਸਾਜ਼ੋ-ਸਮਾਨ ਦੀ ਵਰਤੋਂ ਹੀ ਕੀਤੀ ਜਾਵੇ ।

(ਕ) ਲੋਕ-ਨਾਚ ਦੀ ਪੇਸ਼ਕਾਰੀ ਪਰੰਪਰਾਗਤ ਤਾਲਾਂ ਤੇ ਹੀ ਅਧਾਰਿਤ ਹੋਵੇ ।

(ਖ) ਗਾਉਣ ਕੇਵਲ ਰਵਾਇਤੀ ਲੋਕ-ਗੀਤਾਂ/ਲੋਕ-ਗਾਇਕੀ ਤੇ ਹੀ ਅਧਾਰਤ ਹੋਣਾ ਚਾਹੀਦਾ ਹੈ ।

(ਗ) ਲੋਕ-ਨਾਚ ਵਿੱਚ ਨਾਚ ਨਾਲ ਸਬੰਧਿਤ ਸਾਜ਼ਾਂ ਦੀ ਹੀ ਵਰਤੋਂ ਕੀਤੀ ਜਾਵੇ ।

(ਘ) ਕਲਾਬਾਜ਼ੀਆਂ ਵਰਗੇ ਕਰਤਬਾਂ ਨੂੰ ਅੰਕ ਨਹੀਂ ਦਿੱਤੇ ਜਾਣਗੇ । ਇੱਕ ਦੂਜੇ ਦੇ ਮੋਢਿਆਂ ਉੱਤੇ ਚੜ੍ਹ ਕੇ ਕਰਤਬ ਦਿਖਾਉਣ ਦਾ ਯਤਨ ਨਾ ਕੀਤਾ ਜਾਵੇ ।

(ਚ) ਢੋਲੀ, ਢੋਲਕੀ ਵਾਦਕ ਅਤੇ ਗੀਤ ਗਾਉਣ ਵਾਲਾ/ਬੋਲੀਆਂ ਪਾਉਣ ਵਾਲਾ ਸਟੇਜ਼ ਤੇ ਜੱਜਾਂ ਦੀ ਨਜ਼ਰਾਂ ਸਾਹਮਣੇ ਹੋਣਾ ਚਾਹੀਦਾ ਹੈ ।

XI. **ਜੱਜਮੈਂਟ ਲਈ ਮਾਪ ਦੰਡ ਅਤੇ ਅੰਕ ਵੰਡ :**

(1) ਪਹਿਰਾਵਾ - 5 ਅੰਕ (2) ਬੋਲੀਆਂ ਦੀ ਅਨੁਕੂਲਤਾ - 5 ਅੰਕ (3) ਰਿਵਾਇਤੀ ਤਾਲਾਂ ਅਤੇ ਪ੍ਰਮਾਣਿਕ ਨਾਚ ਨਿਭਾਅ - 15 ਅੰਕ (4) ਸਮੁੱਚੀ ਪੇਸ਼ਕਾਰੀ - 5 ਅੰਕ

## 14. ਪੰਜਾਬੀ ਲੋਕ-ਨਾਚ (ਕੁੜੀਆਂ ਵਾਸਤੇ)

## ਗਿੱਧਾ ਜਾਂ ਸੰਮੀ

**(ਇਹ ਮੁਕਾਬਲਾ ਦੂਸਰੇ ਅਤੇ ਤੀਸਰੇ ਵਰਗ ਲਈ ਖੇਤਰ ਪੱਧਰ ਤੋਂ ਅਰੰਭ ਹੋਵੇਗਾ ।)**

I. **ਸਮਾਂ :-**

1) ਦੂਸਰਾ ਵਰਗ — 7 ਮਿੰਟ ਤੋਂ 10 ਮਿੰਟ

2) ਤੀਸਰਾ ਵਰਗ — 9 ਮਿੰਟ ਤੋਂ 12 ਮਿੰਟ

II. ਸਮਾਂ, ਢੋਲ/ਢੋਲਕੀ ਦੀ ਥਾਪ ਤੋਂ ਜਾਂ ਬੋਲੀ ਦੇ ਸ਼ੁਰੂ ਹੋਣ ਤੋਂ ਸ਼ੁਰੂ ਮੰਨਿਆਂ ਜਾਵੇਗਾ । ਟੀਮ ਦਾ ਸਟੇਜ

ਉਪਰ ਪ੍ਰਵੇਸ਼ ਅਤੇ ਬਾਹਰ ਜਾਣਾ ਨਿਰਧਾਰਿਤ ਸਮੇਂ ਵਿੱਚ ਸ਼ਾਮਲ ਹੋਵੇਗਾ ਅਤੇ ਇਹ ਅਪਣਾਏ ਗਏ ਥੀਮ ਦੇ ਅਨੁਕੂਲ ਹੋਵੇ ।

**III.** ਗਿੱਧਾ ਟੀਮ ਵਿੱਚ 9 ਤੋਂ 12 ਵਿਦਿਆਰਥਣਾਂ ਅਤੇ ਇੱਕ ਸਹਿਯੋਗੀ (ਢੋਲਚੀ) ਹੋ ਸਕਦਾ ਹੈ । ਸੰਮੀ ਲਈ ਇੱਕ ਢੋਲੀ ਸਮੇਤ ਚਾਰ ਸਹਿਯੋਗੀ (ਸਾਜਿੰਦੇ ਤੇ ਗਾਇਕ) ਰੱਖੇ ਜਾ ਸਕਦੇ ਹਨ । ਇਹ ਜ਼ਰੂਰੀ ਹੈ ਕਿ ਸਾਜਿੰਦੇ ਗੈਰ ਵਿਦਿਆਰਥੀ ਹੋਣ ਅਤੇ ਗੀਤ ਗਾਉਣ ਵਾਲੀ ਸਕੂਲ ਦੀ ਕੋਈ ਵਿਦਿਆਰਥਣ ਹੋਵੇ ।

**IV.** ਇਹ ਗਿਣਤੀ ਢੋਲਕੀ ਵਾਦਕ ਤੋਂ ਬਿਨਾਂ ਕਿਸੇ ਵੀ ਸੂਰਤ ਵਿੱਚ 9 ਤੋਂ ਘੱਟ ਨਹੀਂ ਹੋਣੀ ਚਾਹੀਦੀ । ਜੇਕਰ ਢੋਲਕੀ ਵਜਾਉਣ ਵਾਲੀ ਵੀ ਵਿਦਿਆਰਥਣ ਹੀ ਹੋਵੇ ਤਾਂ ਭਾਗ ਲੈਣ ਵਾਲੀ ਟੀਮ ਦੀ ਕੁੱਲ ਗਿਣਤੀ 12 ਤੋਂ ਵੱਧ ਨਹੀਂ ਹੋਣੀ ਚਾਹੀਦੀ । ਇਹ ਵਿਦਿਆਰਥਣ ਜੇਕਰ ਇਸੇ ਵਰਗ ਦੀ ਹੈ ਤਾਂ ਇਸ ਨੂੰ ਟੀਮ ਦਾ ਹਿੱਸਾ ਮੰਨਿਆ ਜਾਵੇਗਾ ।

**|V.** ਗਿੱਧੇ ਵਿੱਚ ਢੋਲਕੀ ਅਤੇ ਸੰਮੀ ਵਿੱਚ ਢੋਲ ਹੀ ਵਰਤਿਆ ਜਾਵੇ ।

**VI.** ਲੋਕ-ਨਾਚ ਦੀ ਪੇਸ਼ਕਾਰੀ ਪਰੰਪਰਾਗਤ ਤਾਲਾਂ ਤੇ ਹੀ ਆਧਾਰਿਤ ਹੋਵੇ ਅਤੇ ਗਾਉਣ, ਰਵਾਇਤੀ ਗਾਇਕੀ ਅਤੇ ਲੋਕ-ਗੀਤਾਂ/ਲੋਕ-ਗਾਇਕੀ ਤੇ ਅਧਾਰਿਤ ਹੋਵੇ ।

**VII. ਜੱਜਮੈਂਟ ਲਈ ਮਾਪ ਦੰਡ ਅਤੇ ਅੰਕ-ਵੰਡ :**

(1) ਪਹਿਰਾਵਾ/ਗਹਿਣੇ/ਰੂਪ ਸੱਜਾ -5 ਅੰਕ (2) ਵਿਸ਼ਾ ਵਸਤੂ/ਪ੍ਰਵੇਸ਼/ਵਿਦਾਈ-5 ਅੰਕ (3) ਲੋਕ ਨਾਚ-10 ਅੰਕ (4) ਬੋਲੀਆਂ ਦੀ ਗਾਇਕੀ (ਪੇਸ਼ਕਾਰੀ) - 5 ਅੰਕ (5) ਸਮੁੱਚਾ ਪ੍ਰਭਾਵ-5 ਅੰਕ

ਨੋਟ :- ਕੱਚ ਦੀਆਂ ਚੂੜੀਆਂ ਪਾਉਣ ਦੀ ਸਖ਼ਤ ਮਨਾਹੀ ਹੈ ।

## 15. ਗੱਤਕਾ ਮੁਕਾਬਲਾ

**ਇਹ ਮੁਕਾਬਲਾ ਖੇਤਰ ਪੱਧਰ ਤੋਂ ਕੇਵਲ ਤੀਜੇ ਵਰਗ ਲਈ ਹੈ ।)**

**I.** ਸਮਾਂ : 6 ਤੋਂ 10 ਮਿੰਟ

**II.** ਗੱਤਕਾ ਮੁਕਾਬਲੇ ਲਈ ਪੁਸ਼ਾਕ : ਗੱਤਕਾ ਖੇਡਣ ਵਾਲੇ ਵਿਦਿਆਰਥੀ ਸਾਦਾ ਕੁੜਤਾ, ਪਜਾਮਾ ਅਤੇ ਕਮਰ ਕੱਸਾ ਪਹਿਨ ਸਕਦੇ ਹਨ। ਹਰ ਵਿਦਿਆਰਥੀ ਲਈ ਸਿਰ ਢਕਣਾ ਜ਼ਰੂਰੀ ਹੈ, ਸਿਰ ਤੇ ਵੱਡਾ ਰੁਮਾਲ ਜਾਂ ਪਟਕਾ ਬੰਨ੍ਹਿਆ ਜਾ ਸਕਦਾ ਹੈ ।

**III.** ਸ਼ਸਤਰ ਕਲਾ : ਵਿਦਿਆਰਥੀ ਗੱਤਕੇ ਦੀਆਂ ਕੁੱਲ 7 ਕਲਾਵਾਂ ਪੇਸ਼ ਕਰ ਸਕਦੇ ਹਨ ।

ਇੱਕਲੇ ਖਿਡਾਰੀ ਲਈ ਗੱਤਕਾ : 1. ਲਾਠੀ /ਡਾਂਗ ਘੁਮਾਉਣਾ 2. ਮਲੱਠੀ ਘੁਮਾਉਣਾ 3. ਕਿਰਪਾਨ ਫਿਰਾਈ ਕਰਨੀ 4. ਖੰਡਾ ਘੁਮਾਉਣਾ

ਦੋ ਜਾਂ ਦੋ ਤੋਂ ਵੱਧ ਖਿਡਾਰੀਆਂ ਲਈ : 1. ਫਰੀ ਸੋਟੀ 2. ਤਲਵਾਰ/ਢਾਲ਼ 3. ਡਾਂਗ

**IV.** ਪ੍ਰਤਿਯੋਗੀ ਜਾਂ ਖਿਡਾਰੀ : ਢੋਲੀ ਸਮੇਤ ਵੱਧ ਤੋਂ ਵੱਧ 9 ਖਿਡਾਰੀ ਭਾਗ ਲੈ ਸਕਦੇ ਹਨ । ਜੇਕਰ ਢੋਲੀ ਇਸੇ ਵਰਗ ਦਾ ਵਿਦਿਆਰਥੀ ਹੈ ਤਾਂ ਉਸ ਨੂੰ ਟੀਮ ਦਾ ਹਿੱਸਾ ਮੰਨਿਆਂ ਜਾਵੇਗਾ ।

**V.** ਪੇਸ਼ਕਾਰੀ : ਪੇਸ਼ਕਾਰੀ ਲਈ ਇਹ ਮੁਕਾਬਲੇ ਅਖਾੜੇ 'ਚ ਕੀਤੇ ਜਾਣਗੇ ਅਤੇ ਲੋੜ ਅਨੁਸਾਰ ਅਖਾੜੇ ਵਿੱਚ ਸ਼ਸਤਰਾਂ ਦੀ ਸੈਟਿੰਗ ਵਿਦਿਆਰਥੀਆਂ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਵੇਗੀ ।

**VI. ਜਜਮੈਂਟ ਲਈ ਮਾਪ-ਦੰਡ ਅਤੇ ਅੰਕ ਵੰਡ :**

(1) ਅਖਾੜੇ ਵਿੱਚ ਦਾਖ਼ਲ ਹੋਣ ਦਾ ਢੰਗ- 4 ਅੰਕ (2) ਪਹਿਰਾਵਾ - 6 ਅੰਕ (3) ਸ਼ਸਤਰ ਵਰਤਣ ਦਾ ਢੰਗ-10 ਅੰਕ (4) ਪੇਸ਼ਕਾਰੀ (ਪੈਂਤਰੇ ਦੀ ਰਫਤਾਰ) ਆਪਸੀ ਤਾਲਮੇਲ - 10 ਅੰਕ

## ਸੈਸ਼ਨ 2010-11 ਲਈ ਜ਼ਿਲ੍ਹਾ ਲਈ ਆਯੋਜਨ ਕੇਂਦਰਾਂ ਦੀ ਸੂਚੀ

(ਹਰੇਕ ਵਰਗ ਦੇ ਜ਼ਿਲ੍ਹਾ ਪੱਧਰ ਮੁਕਾਬਲਿਆਂ ਲਈ ਅਯੋਜਨ ਕੇਂਦਰਾਂ ਦੀ ਸੂਚੀ)

ਆਯੋਜਨ ਕੇਂਦਰ ਬਣਨ ਲਈ ਸਕੂਲ ਆਪਣੇ ਬਿਨੇ-ਪੱਤਰ ਵੇਰਵੇ ਸਮੇਤ ਇਸ ਦਫਤਰ ਨੂੰ ਭੇਜ ਸਕਦੇ ਹਨ

ਜੇਕਰ ਕੋਈ ਆਯੋਜਨ ਕੇਂਦਰ ਬੋਰਡ ਦਫਤਰ ਨੂੰ ਆਪਣੀ ਅਸਹਿਮਤੀ ਨਹੀਂ ਭੇਜਦਾ ਜਾਂ ਦਫ਼ਤਰ ਵੱਲੋਂ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ, ਤਾਂ ਅਗਲੇ ਸਾਲ ਲਈ ਵੀ ਇਹੋ ਆਯੋਜਨ ਕੇਂਦਰ ਜਾਰੀ ਰਹਿਣਗੇ ।

**ਅੰਮ੍ਰਿਤਸਰ :-**

| | | |
|---|---|---|
| I. | ਖਾਲਸਾ ਕਾਲਜ ਸੀਨੀ. ਸੈਕੰ. ਸਕੂਲ ਅਮ੍ਰਿਤਸਰ | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਸਰਕਾਰੀ (ਕੰ) ਸ. ਸ. ਸਕੂਲ, ਮਾਲ ਰੋਡ, ਅੰਮ੍ਰਿਤਸਰ 0183-2220682 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਬਠਿੰਡਾ :-**

| | | |
|---|---|---|
| I. | ਗੁਰੂ ਨਾਨਕ ਦੇਵ ਪਬਲਿਕ ਸ. ਸ. ਸਕੂਲ, ਸਿਵਲ ਸਟੇਸ਼ਨ, ਬਠਿੰਡਾ 0164-2211288 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਦਸਮੇਸ ਸੀਨੀ.ਸੈਕੰ. ਸਕੂਲ, ਸਿਵਿਲ ਲਾਇਨ, ਬਠਿੰਡਾ 0164-2211076 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਬਰਨਾਲਾ :**

| | | |
|---|---|---|
| I. | ਸਰਵਹਿੱਤਕਾਰੀ ਸ. ਸ. ਵਿੱਦਿਆ ਮੰਦਿਰ, ਅਨਾਜ ਮੰਡੀ, ਬਰਨਾਲਾ 01679-239143 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਦਿਆਨੰਦ ਕੇਂਦਰੀ ਵਿੱਦਿਆ ਮੰਦਰ, ਸੇਖਾ ਰੋਡ, ਬਰਨਾਲਾ 01679-232087 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਫਰੀਦਕੋਟ :**

| | | |
|---|---|---|
| I. | ਹਰੀ ਸਿੰਘ ਸੇਵਕ ਸਰਕਾਰੀ ਸ. ਸ. ਸ. (ਲੜਕੇ) ਕੋਟਕਪੂਰਾ 98761-35667 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਚੰਦਾ ਸਿੰਘ ਮਰਵਾਹਾ ਸਰਕਾਰੀ ਸ. ਸ. ਸ. ਕੁੜੀਆਂ, ਕੋਟਕਪੂਰਾ 01635-220269 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਫਤਿਹਗੜ੍ਹ ਸਾਹਿਬ :**

| | | |
|---|---|---|
| I. | ਮਾਤਾ ਗੁਜਰੀ ਸਰਕਾਰੀ ਸ. ਸ. ਸਕੂਲ, ਫਤਿਹਗੜ੍ਹ ਸਾਹਿਬ 01763-232223 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਐਸ. ਜੀ. ਅਸ਼ੋਕਾ (ਕੰ) ਸ. ਸ. ਸਕੂਲ, ਸਰਹਿੰਦ ਮੰਡੀ 01763-222528 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਫਿਰੋਜ਼ਪੁਰ :-**

| | | |
|---|---|---|
| I. | ਸਰਕਾਰੀ (ਕੰ) ਸ. ਸ. ਸਕੂਲ, ਫਿਰੋਜ਼ਪੁਰ ਫੋਨ : 01632-243906 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਕੇ. ਆਰ. ਹਾਈ ਸਕੂਲ, ਆਜ਼ਾਦ ਨਗਰ, ਫਿਰੋਜ਼ਪੁਰ 01632-220431 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਗੁਰਦਾਸਪੁਰ :-**

| | | |
|---|---|---|
| I. | ਸ. (ਕੰ.) ਸ. ਸ. ਸਕੂਲ, ਗੁਰਦਾਸਪੁਰ<br>ਫੋਨ : 01874-244326 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ<br>ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਸਰਕਾਰੀ ਸ. ਸ. ਸਕੂਲ (ਲੜਕੇ),<br>ਗੁਰਦਾਸਪੁਰ 01874-242643 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ,<br>ਕਵਿਤਾ ਉਚਾਰਨ, ਭਾਸ਼ਣ |

**ਹਸ਼ਿਆਰਪੁਰ :-**

| | | |
|---|---|---|
| I. | ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਮਾਡਲ<br>ਟਾਊਨ, ਹੁਸ਼ਿਆਰਪੁਰ 01882-253803 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ<br>ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਸ਼ਿਸ਼ੂ ਸ਼ਿਕਸ਼ਾ ਮੰਦਰ ਸ.ਸ. ਸਕੂਲ, ਨੇੜੇ<br>ਸਰਕਾਰੀ ਕਾਲਿਜ, ਹੁਸ਼ਿਆਰਪੁਰ 01882-253192 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ,<br>ਕਵਿਤਾ ਉਚਾਰਨ, ਭਾਸ਼ਣ |

**ਜਲੰਧਰ :-**

| | | |
|---|---|---|
| I. | ਸਰਕਾਰੀ ਕੰਨਿਆਂ ਸੀਨੀ. ਸੈਕੰ. ਸਕੂਲ,<br>ਨਹਿਰੂ ਗਾਰਡਨ, ਜਲੰਧਰ | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ<br>ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਦੋਆਬਾ ਖਾਲਸਾ ਮਾਡਲ ਸ. ਸ. ਸਕੂਲ, ਲਾਢੋਵਾਲੀ<br>ਰੋਡ, ਜਲੰਧਰ 0181-6539104 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ,<br>ਕਵਿਤਾ ਉਚਾਰਨ, ਭਾਸ਼ਣ |

**ਕਪੂਰਥਲਾ :**

| | | |
|---|---|---|
| I. | ਸ੍ਰੀ. ਮਹਾਂਵੀਰ ਜੈਨ ਸੀਨੀ. ਸੈਕੰ. ਸਕੂਲ,<br>ਫਗਵਾੜਾ 01824-228084 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ<br>ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਰਾਮਗੜੀਆ ਗਰਲਜ ਸੀਨੀ. ਸੈਕੰ. ਸਕੂਲ, (ਪਰਾਨਾ<br>ਡਾਕਖਾਨਾ ਰੋਡ) ਫਗਵਾੜਾ 01824-655824 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ,<br>ਕਵਿਤਾ ਉਚਾਰਨ, ਭਾਸ਼ਣ |

**ਲੁਧਿਆਣਾ :**

| | | |
|---|---|---|
| I. | ਰਾਮਗੜੀਆ ਗਰਲਜ਼ ਸੀਨੀ. ਸੈਕੰ. ਸਕੂਲ ,<br>ਮਿਲਰ ਗੰਜ, ਲੁਧਿਆਣਾ 0161-2536620 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ<br>ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਹਰਸ਼ ਵਿੱਦਿਆ ਮੰਦਰ ਨਿਊ ਸੁਭਾਸ਼ ਨਗਰ,<br>ਮੇਨ ਰੋਡ, ਲੁਧਿਆਣਾ 0161-263402 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ,<br>ਕਵਿਤਾ ਉਚਾਰਨ, ਭਾਸ਼ਣ |

**ਮਾਨਸਾ :**

| | | |
|---|---|---|
| I. | ਸਰਕਾਰੀ (ਕੰ) ਸ. ਸ. ਸਕੂਲ,<br>ਮਾਨਸਾ 01652-234859<br>ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ |
| II. | ਸਰਕਾਰੀ ਸ. ਸ. ਸਕੂਲ (ਲੜਕੇ), ਮਾਨਸਾ<br>ਫੋਨ : 9417732463 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ,<br>ਕਵਿਤਾ ਉਚਾਰਨ, ਭਾਸ਼ਣ |

**ਮੋਗਾ :**

| | | |
|---|---|---|
| I. | ਭੁਪਿੰਦਰ ਖਾਲਸਾ ਸੀਨੀ. ਸੈਕੰ. ਸਕੂਲ, ਮੋਗਾ | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ<br>ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਮਦਰ ਟਰੇਸਾ ਇੰਟਰਨੈਸਨਲ ਸਕੂਲ, ਨੇੜੇ<br>ਕੋਆਪਰੇਟਿਵ ਬੈਂਕ ਫਿਰੋਜ਼ਪੁਰ ਰੋਡ, ਮੋਗਾ | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ,<br>ਕਵਿਤਾ ਉਚਾਰਨ, ਭਾਸ਼ਣ |

**ਮੁਹਾਲੀ :**

| | | |
|---|---|---|
| I. | ਪੈਰਾਗਾਨ ਸ. ਸ. ਸਕੂਲ ਸੈਕਟਰ-71, ਮੁਹਾਲੀ, ਬਲਾਕ -1 0172-2227869 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਪੈਰਾਗਾਨ ਸ.ਸ. ਸਕੂਲ ਸੈਕਟਰ-71, ਮੁਹਾਲੀ, ਬਲਾਕ-2 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਮੁਕਤਸਰ :**

| | | |
|---|---|---|
| I. | ਜੀ.ਟੀ.ਬੀ. ਖਾਲਸਾ ਸ.ਸ. ਸਕੂਲ, ਮਲੋਟ 01637-261699 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ -ਗੀਤ, ਸੋਲੋ-ਡਾਂਸ |
| II. | ਸਨਾਤਨ ਧਰਮ ਸ. ਸ. ਸਕੂਲ, ਮਲੋਟ 01637-262907 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਨਵਾਂ ਸ਼ਹਿਰ :**

| | | |
|---|---|---|
| I. | ਜੇ. ਐਚ.ਐਫ. ਐਚ, ਖਾਲਸਾ ਹਾਈ ਸਕੂਲ ਨਵਾਂ ਸ਼ਹਿਰ | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਆਦਰਸ਼ ਬਾਲ ਵਿਦਿਆਲਿਆ, ਨੇੜੇ ਬਸ ਸਟੈਂਡ, ਨਵਾਂ ਸ਼ਹਿਰ | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਪਟਿਆਲਾ :**

| | | |
|---|---|---|
| I. | ਕੇ.ਕੇ ਇੰਟਰ ਨੈਸ਼ਨਲ ਸੀ.ਸੈਕੈ. ਸਕੂਲ ਬਾਰਲ ਸਰਹਿੰਦ ਰੋੜ, ਪਟਿਆਲਾ-98728-13551 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਸ੍ਰੀ. ਦਸਮੇਸ਼ ਪਬ. ਸਕੂਲ, 1 ਢਿਲੋ ਮਾਰਗ, ਮਾਡਲ ਟਾਉਨ ਪਟਿਆਲਾ | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਰੋਪੜ :**

| | | |
|---|---|---|
| I. | ਆਨੰਦਪੁਰ ਸਾਹਿਬ ਮਾਡਲ ਹਾਈ ਸਕੂਲ, ਆਨੰਦਪੁਰ ਸਾਹਿਬ 01887-232102 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਭਾਈ ਨੰਦ ਨਾਲ ਪਬਲਿਕ ਸਕੂਲ, ਆਨੰਦਪੁਰ ਸਾਹਿਬ 01887-233055 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਸੰਗਰੂਰ :**

| | | |
|---|---|---|
| I. | ਰੋਬਿੰਨ ਮਾਡਲ ਸ. ਸ. ਸਕੂਲ, ਧੂਰੀ ਫੋਨ : 01675-265183 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਆਰੀਆ ਸ. ਸ. ਸਕੂਲ, ਧੂਰੀ ਫੋਨ : 01675-220147 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

**ਤਰਨਤਾਰਨ :**

| | | |
|---|---|---|
| I. | ਬਾਬਾ ਬੁੱਢਾ ਪਬਲਿਕ ਸ. ਸ. ਸਕੂਲ, ਬੀੜ ਬਾਬਾ ਬੁੱਢਾ, ਠੱਠਾ ਤਰਨਤਾਰਨ 01852-278500 | ਸ਼ਬਦ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ ਲੋਕ-ਗੀਤ/ਸਾਹਿਤਕ-ਗੀਤ, ਸੋਲੋ-ਡਾਂਸ |
| II. | ਖਾਲਸਾ ਸ. ਸ. ਸਕੂਲ, ਬੀੜ ਬਾਬਾ ਬੁੱਢਾ, ਠੱਠਾ ਤਰਨਤਾਰਨ 01852-215321 | ਵਾਰ-ਗਾਇਨ, ਕਵਿਸ਼ਰੀ, ਮੌਲਿਕ-ਲਿਖਤ, ਕਵਿਤਾ ਉਚਾਰਨ, ਭਾਸ਼ਣ |

## ਸੈਸ਼ਨ 2010-11 ਲਈ ਖੇਤਰ ਪੱਧਰ ਦੇ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲਿਆਂ ਲਈ ਅਯੋਜਨ ਕੇਂਦਰਾਂ ਦੀ ਸੂਚੀ

### 1. ਜਲੰਧਰ ਖੇਤਰ

I. ਲਵਲੀ ਪ੍ਰੋਫੈਸ਼ਨਲ ਯੂਨੀਵਰਸਟੀ ਜਲੰਧਰ

| | |
|---|---|
| ਲਵਲੀ ਪ੍ਰੋਫੈਸ਼ਨਲ ਯੂਨੀਵਰਸਟੀ ਬਲਾਕ -I | ਸ਼ਬਦ ਗਾਇਨ, ਗੀਤ, ਗਾਇਨ, ਚਿਤਰ ਕਲਾ, ਸੁੰਦਰ ਲਿਖਾਈ, ਸੋਲੋ ਡਾਂਸ |
| ਲਵਲੀ ਪ੍ਰੋਫੈਸ਼ਨਲ ਯੂਨੀਵਰਸਟੀ ਬਲਾਕ -II | ਗਿੱਧਾ, ਭਾਸ਼ਣ, ਕਵਿਤਾ ਉਚਾਰਣ, ਆਮ ਗਿਆਨ |
| ਲਵਲੀ ਪ੍ਰੋਫੈਸ਼ਨਲ ਯੂਨੀਵਰਸਟੀ ਬਲਾਕ -III | ਇਕਾਂਗੀ, ਗੱਤਕਾ |
| ਲਵਲੀ ਪ੍ਰੋਫੈਸ਼ਨਲ ਯੂਨੀਵਰਸਟੀ ਬਲਾਕ -IV | ਭੰਗੜਾ, ਮੌਲਿਕ ਲਿਖਤ, ਕਵਿਸ਼ਰੀ, ਵਾਰ-ਗਾਇਨ |

### 2. ਅਮ੍ਰਿਤਸਰ ਖੇਤਰ

| | | |
|---|---|---|
| I. | ਖਾਲਸਾ ਕਾਲਜ ਸੀਨੀ. ਸੈਕੰ. ਸਕੂਲ, ਅਮ੍ਰਿਤਸਰ, ਬਲਾਕ-I | ਸ਼ਬਦ-ਗਾਇਨ, ਗੀਤ-ਗਾਇਨ, ਚਿੱਤਰਕਲਾ, ਸੁੰਦਰ-ਲਿਖਾਈ, ਸੋਲੋ-ਡਾਂਸ |
| II. | ਸਰਕਾਰੀ (ਕੰ) ਸ. ਸ. ਸਕੂਲ ਮਾਲ ਰੋਡ, ਅਮ੍ਰਿਤਸਰ 0183-2220682 | ਗਿੱਧਾ, ਭਾਸ਼ਣ, ਕਵਿਤਾ ਉਚਾਰਨ, ਆਮ ਗਿਆਨ |
| III. | ਡੀ. ਏ. ਵੀ. ਸ. ਸ. ਸਕੂਲ ਨੇੜੇ ਹਾਥੀ ਗੇਟ, ਅਮ੍ਰਿਤਸਰ 0183-2548465 | ਇਕਾਂਗੀ, ਗੱਤਕਾ |
| IV. | ਖਾਲਸਾ ਕਾਲਜ ਸੀਨੀ ਸੈਕੰ. ਸਕੂਲ, ਅਮ੍ਰਿਤਸਰ, ਬਲਾਕ-II | ਭੰਗੜਾ, ਮੌਲਿਕ-ਲਿਖਤ, ਕਵਿਸ਼ਰੀ, ਵਾਰ |

### 3. ਬਠਿੰਡਾ ਖੇਤਰ

| | | |
|---|---|---|
| I. | ਐਮ. ਐਸੱ. ਡੀ. ਸ. ਸ. ਸਕੂਲ, ਬਠਿੰਡਾ 0164-2215121 | ਗਿੱਧਾ, ਸੋਲੋ-ਡਾਂਸ, ਲੋਕ-ਗੀਤ/ਸਾਹਿਤਕ-ਗੀਤ, ਆਮ ਗਿਆਨ, ਮੌਲਿਕ-ਲਿਖਤ |
| II. | ਗੁਰੂ ਨਾਨਕ ਦੇਵ ਪਬਲਿਕ ਸ. ਸ. ਸਕੂਲ, ਸਿਵਲ ਸਟੇਸ਼ਨ, ਬਠਿੰਡਾ 0164-2211228 | ਸ਼ਬਦ-ਗਾਇਨ, ਵਾਰ-ਗਾਇਨ, ਕਵਿਸ਼ਰੀ |
| III. | ਦਸਮੇਸ਼ ਪਬ. ਸੀਨੀ. ਸੈਕੰ. ਸਕੂਲ, ਸਿਵਲ ਲਾਇਨ, ਬਲਾਕ-I, ਬਠਿੰਡਾ | ਭੰਗੜਾ, ਸੁੰਦਰ-ਲਿਖਾਈ, ਚਿੱਤਰਕਲਾ, ਭਾਸ਼ਣ, ਕਵਿਤਾ ਉਚਾਰਨ |
| IV. | ਦਸਮੇਸ਼ ਪਬ. ਸੀਨੀ. ਸੈਕੰ. ਸਕੂਲ, ਸਿਵਲ ਲਾਈਨ, ਬਲਾਕ-II, ਬਠਿੰਡਾ | ਇਕਾਂਗੀ, ਗੱਤਕਾ |

### 4. ਪਟਿਆਲਾ ਖੇਤਰ

| | | |
|---|---|---|
| I. | ਕੇ. ਕੇ. ਇਟੰਰਨੈਸ਼ਨਲ ਸ.ਸ. ਸਕੂਲ, ਬਾਰਨ ਸਰਹਿੰਦ ਰੋਡ, ਪਟਿਆਲਾ 98728 13551 | ਗਿੱਧਾ, ਸੋਲੋ-ਡਾਂਸ, ਗੀਤ-ਗਾਇਨ ਸੁੰਦਰ-ਲਿਖਾਈ, ਚਿੱਤਰਕਲਾ |
| II. | ਚਿਲਡਰਨ ਮੈਮੋਂ ਸ.ਸ. ਸਕੂਲ, ਮਾਡਲ ਟਾਊਨ, ਪਟਿਆਲਾ 0175-2200193 | ਸ਼ਬਦ-ਗਾਇਨ, ਵਾਰ-ਗਾਇਨ, ਕਵਿਸ਼ਰੀ ਮੌਲਿਕ-ਲਿਖਤ |
| III. | ਸਰਕਾਰੀ ਮਾਡਲ ਸੀਨੀ. ਸੈਕੈ. ਸਕੂਲ ਫੀਲਖਾਨਾ, ਪਟਿਆਲਾ | ਇਕਾਂਗੀ, ਗੱਤਕਾ |
| IV. | ਸਰਕਾਰੀ ਮਾਡਲ ਸੀਨੀ. ਸੈਕੈ. ਸਕੂਲ, ਸਿਵਲ, ਲਾਈਨ, ਪਟਿਆਲਾ | ਭੰਗੜਾ, ਕਵਿਤਾ ਉਚਾਰਨ, ਆਮ ਗਿਆਨ ਭਾਸ਼ਣ |

# ਪੰਜਾਬ ਸਕੂਲ ਸਿੱਖਿਆ ਬੋਰਡ

## ਸਹਿ-ਅਕਾਦਮਿਕ ਵਿੱਦਿਅਕ ਮੁਕਾਬਲੇ

## ਆਰਜ਼ੀ ਸਰਟੀਫ਼ਿਕੇਟ - ਸੈਸ਼ਨ 2010-11

ਤਸਦੀਕ ਕੀਤਾ ਜਾਂਦਾ ਹੈ ਕਿ .................................................... ਸਕੂਲ ਨਾਲ ਸੰਬੰਧਤ ਵਿਦਿਆਰਥੀ/ਟੀਮ ..................................... ਨੇ ਬਲਾਕ/ ਜ਼ਿਲ੍ਹਾ/ਖੇਤਰ ........................ ਦੇ .......................... ਅਯੋਜਨ ਕੇਂਦਰ ਵਿਖੇ ...................... ਮੁਕਾਬਲੇ ਵਿੱਚ ............... ਸਥਾਨ ਪ੍ਰਾਪਤ ਕੀਤਾ ਹੈ । ਇਹ ਵਿਦਿਆਰਥੀ/ਟੀਮ ਜ਼ਿਲ੍ਹਾ/ਖੇਤਰ ਪੱਧਰ ਤੇ ਹਿੱਸਾ ਲੈਣ ਦੇ ਯੋਗ ਹੈ ।

ਬਲਾਕ ਪ੍ਰਾਇਮਰੀ ਸਿੱਖਿਆਂ ਅਫ਼ਸਰ/ਅਯੋਜਨ
ਕੇਂਦਰ ਦਾ ਮੁਖੀ

ਹਸਤਾਖ਼ਰ ਸਮੇਤ ਮੋਹਰ

ਮਿਤੀ : ...................

ਟੈਲੀਫ਼ੋਨ ਨੰ :

ਨੋਟ : ਲੋੜ ਅਨੁਸਾਰ ਇਸ ਆਰਜ਼ੀ ਸਰਟੀਫ਼ਿਕੇਟ ਦੀਆਂ ਫੋਟੋ ਕਾਪੀਆਂ ਵੀ ਕਰਵਾਈਆਂ ਜਾ ਸਕਦੀਆਂ ਹਨ।

# ਅਪੰਗ ਵਿਦਿਆਰਥੀਆਂ ਲਈ ਵਿਤੀ ਸਹਾਇਤਾ ਦੇ ਨਿਯਮ/ਹਦਾਇਤਾਂ

ਰਾਜ ਦੇ ਸਰਕਾਰੀ/ਪ੍ਰਾਈਵੇਟ ਏਡਿਡ ਅਤੇ ਪੰਜਾਬ ਸਕੂਲ ਸਿੱਖਿਆਂ ਬੋਰਡ, ਮੋਹਾਲੀ ਨਾਲ ਐਫੀਲੀਏਟਿਡ ਸਕੂਲਾਂ ਦੇ ਰੈਗੂਲਰ ਅਪੰਗ ਵਿਦਿਆਰਥੀਆਂ ਦੇ ਵਿੱਦਿਅਕ ਵਿਕਾਸ ਲਈ ਬੋਰਡ ਦੁਆਰਾ ਵਿਸ਼ੇਸ਼ ਵਿਤੀ ਸਹਾਇਤਾ ਦੇਣ ਦਾ ਉਪਬੰਧ ਹੈ। ਇਸ ਸੰਬੰਧੀ ਯੋਗ ਵਿਦਿਆਰਥੀਆਂ ਦੀ ਪ੍ਰਤੀ ਬੇਨਤੀ ਸਕੂਲ ਮੁਖੀ ਵੱਲੋਂ ਮਿਤੀ 30-11-2010 ਤੱਕ ਉਪ ਡਾਇਰੈਕਟਰ (ਗ.ਸ.ਖ.ਸ.) ਛੇਵੀਂ ਮੰਜ਼ਿਲ ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਮੋਹਾਲੀ ਨੂੰ ਦਸਤੀ ਜਾਂ ਰਜਿਸਟਰਡ ਡਾਕ ਰਾਹੀਂ ਪ੍ਰਾਸਪੈਕਟਸ ਦੇ ਅੰਤ ਵਿੱਚ ਨੱਥੀ ਪ੍ਰੋਫ਼ਾਰਮੇ (ਐਫ਼.ਪੀ.-1) ਉੱਤੇ ਭੇਜ ਸਕਦੇ ਹਨ।

1. ਸਰਕਾਰੀ, ਮਾਨਤਾ ਪ੍ਰਾਪਤ ਅਤੇ ਐਫੀਲਿਏਟਿਡ ਸਕੂਲਾਂ ਵਿੱਚ ਪੜ੍ਹਦੇ ਰੈਗੂਲਰ ਅਪੰਗ ਵਿਦਿਆਰਥੀਆਂ ਨੂੰ ਹੀ ਇਹ ਵਿਤੀ ਸਹਾਇਤੀ ਦਿੱਤੀ ਜਾਵੇਗੀ। ਇਸ ਦੇ ਸਬੂਤ ਵਜੋਂ ਦਾਖਲਾ ਖਾਰਜ ਰਜ਼ਿਸ਼ਟਰ ਦੀ ਤਸਦੀਕ ਸੁਧਾ ਕਾਪੀ ਜਰੂਰੀ ਹੈ।

2. ਨੇਤਰਹੀਣ, ਗੁੰਗੇ ਅਤੇ ਬੋਲ਼ੇ ਵਿਦਿਆਰਥੀ ਵੀ ਇਹ ਸਹਾਇਤਾ ਲੈ ਸਕਦੇ ਹਨ।

3. ਅਪੰਗਤਾ ਦੀ ਪ੍ਰਤੀਸ਼ਤਾ 40% ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ। 40 ਪ੍ਰਤੀਸ਼ਤ ਤੋਂ ਘੱਟ ਅਪੰਗਤਾ ਵਾਲੇ ਵਿਦਿਆਰਥੀ ਨੂੰ ਇਹ ਸਹਾਇਤਾ ਨਹੀਂ ਦਿੱਤੀ ਜਾਵੇਗੀ। ਸਕੂਲ ਮੁਖੀ ਤੋਂ ਤਸਦੀਕ ਫ਼ਾਰਮ ਅਤੇ ਡਾਕਟਰੀ ਸਰਟੀਫ਼ਿਕੇਟ ਦੇ ਆਧਾਰ 'ਤੇ ਹੀ ਵਿਤੀ ਸਹਾਇਤਾ ਦਿੱਤੀ ਜਾਵੇਗੀ। ਡਾਕਟਰੀ ਸਰਟੀਫਿਕੇਟ ਦੀ ਕਾਪੀ ਸਕੂਲ ਮੁੱਖੀ ਤੋਂ ਤਸਦੀਕ ਨਾ ਹੋਣ ਦੀ ਸੂਰਤ ਵਿੱਚ, ਕੇਸ ਅਦਾਇਗੀ ਲਈ ਨਹੀਂ ਵਿਚਾਰਿਆ ਜਾਵੇਗਾ।

4. ਅਪੰਗਤਾ ਸੰਬੰਧੀ ਸਰਟੀਫ਼ਿਕੇਟ ਅਸਿਸਟੈਂਟ ਸਿਵਲ ਸਰਜਨ / ਐਸ. ਐਮ. ਓ. ਪੀ.ਸੀ.ਐਮ./ ਐਮੱ.ਡੀ. ਆਰਥੋਪੈਡਿਕ ਸਰਜਨ ਵੱਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ।

5. ਵਿਤੀ ਸਹਾਇਤਾ ਦੀ ਦਰ ਵਿਦਿਆਰਥੀਆਂ ਦੇ ਫ਼ਾਰਮ ਸਕੂਲ ਮੁਖੀ ਰਾਹੀਂ ਪ੍ਰਾਪਤ ਹੋਣ ਉਪਰੰਤ ਨਿਸ਼ਚਿਤ ਕੀਤੀ ਜਾਵੇਗੀ।

6. ਵਿਤੀ ਸਹਾਇਤਾ ਸਕੂਲ ਮੁਖੀ ਰਾਹੀਂ ਪ੍ਰਦਾਨ ਕੀਤੀ ਜਾਵੇਗੀ। ਸਕੂਲ ਮੁਖੀ ਹੀ ਵਿਦਿਆਰਥੀ ਨੂੰ ਪ੍ਰਾਪਤ ਰਾਸ਼ੀ ਦੇਵੇਗਾ ਅਤੇ ਬੋਰਡ ਨੂੰ ਇਸ ਬਾਰੇ ਲਿਖਤੀ ਸਰਟੀਫ਼ਿਕੇਟ (ਜੋ ਕਿ ਚੈਕੱ ਭੇਜਣ ਸਮੇਂ ਨਾਲ ਨੱਥੀ ਹੋਵੇਗਾ) ਭੇਜੇਗਾ।

7. ਇਸ ਵਜ਼ੀਫੇ ਲਈ ਕਿਸੇ ਹੋਰ ਸੰਸਥਾ ਤੋਂ ਮਿਲਣ ਵਾਲੀ ਕਿਸੇ ਪ੍ਰਕਾਰ ਦੀ ਸਹਾਇਤਾ ਜਾਂ ਮਾਪਿਆਂ ਦੀ ਸਾਲਾਨਾ ਆਮਦਨ ਕੋਈ ਰੁਕਾਵਟ ਨਹੀਂ ਹੋਵੇਗੀ।

8. ਸਮੇਂ ਸਿਰ ਪ੍ਰਾਪਤ ਨਾ ਹੋਣ ਵਾਲੇ ਫ਼ਾਰਮਾਂ ਨੂੰ ਸਹਾਇਤਾ ਲਈ ਨਹੀਂ ਵਿਚਾਰਿਆ ਜਾਵੇਗਾ।

ਫਾਰਮ ਐਫ. ਪੀ. - 1

# ਪੰਜਾਬ ਸਕੂਲ ਸਿੱਖਿਆ ਬੋਰਡ

## ਸੈਸ਼ਨ 2010-11

1. ਵਿਦਿਆਰਥੀ ਦਾ ਨਾਂ ....................................................................................
2. ਪਿਤਾ ਦਾ ਨਾਂ ...........................................................................................
3. ਮਾਤਾ ਦਾ ਨਾਂ ...........................................................................................
4. ਸਕੂਲ ਦਾ ਨਾਂ ...........................................................................................
5. ਬੋਰਡ ਦੁਆਰਾ ਜਾਰੀ ਸਕੂਲ ਦਾ ਸ਼ਨਾਖਤੀ ਨੰਬਰ ..................................................
6. ਸਕੂਲ ਦੇ ਦਾਖ਼ਲਾ-ਖ਼ਾਰਜ ਰਜਿਸਟਰ ਅਨੁਸਾਰ ਵਿਦਿਆਰਥੀ ਦੀ :
   1) ਜਮਾਤ ...........................................................................................
   2) ਦਾਖ਼ਲਾ ਕ੍ਰਮ ਅੰਕ ................................................................................
   3) ਜਨਮ ਮਿਤੀ (ਅੰਕਾਂ ਵਿੱਚ) .......................................................................
      (ਸ਼ਬਦਾਂ ਵਿੱਚ) .....................................................................................

............................
ਵਿਦਿਆਰਥੀ ਦੇ ਹਸਤਾਖ਼ਰ

1. ਤਸਦੀਕ ਕੀਤਾ ਜਾਂਦਾ ਹੈ ਕਿ ਵਿਦਿਆਰਥੀ ਦੇ ਉਪਰੋਕਤ ਵੇਰਵੇ ਸਕੂਲ ਦੇ ਰਿਕਾਰਡ ਅਨੁਸਾਰ ਠੀਕ ਹਨ । ਸਬੂਤ ਵਜੋਂ ਸਕੂਲ ਦੇ ਦਾਖ਼ਲਾ-ਖ਼ਾਰਜ ਰਜਿਸਟਰ ਦੇ ਸੰਬੰਧਤ ਪੰਨੇ ਦੀ ਤਸਦੀਕ ਸ਼ੁਦਾ ਫੋਟੋਕਾਪੀ ਨਾਲ ਭੇਜੀ ਜਾ ਰਹੀ ਹੈ ।
2. ਨਾਲ ਨੱਥੀ ਡਾਕਟਰੀ ਸਰਟੀਫਿਕੇਟ ਅਨੁਸਾਰ ਵਿਦਿਆਰਥੀ ਦੀ ਅਪੰਗਤਾ .................% ਹੈ।

ਸਕੂਲ ਮੁਖੀ ਦੇ ਹਸਤਾਖ਼ਰ
ਅਤੇ ਦਫ਼ਤਰੀ ਮੋਹਰ

1. ਸਕੂਲ ਮੁਖੀ ਦਾ ਪੂਰਾ ਨਾਂ .....................................
2. ਸਕੂਲ ਦਾ ਪੂਰਾ ਡਾਕ ਪਤਾ .................................
   ...............................................................
3. ਸਕੂਲ ਮੁਖੀ ਦਾ ਟੈਲੀਫੋਨ ਨੰ : ................................
   ਮੋਬਾਇਲ ਨੰ : .................................................

# ਪੰਜਾਬ ਸਕੂਲ ਸਿੱਖਿਆ ਬੋਰਡ

## ਐਡੀਸ਼ਨ 2010

All right including those of translation, reproduction, annotation etc.
are reserved by the Punjab School Education Board.

## ਲੋੜ ਪੈਣ 'ਤੇ ਸੰਪਰਕ ਅਤੇ ਪੁੱਛ-ਗਿੱਛ ਲਈ


| | | | |
|---|---|---|---|
| 1. | ਸ੍ਰੀਮਤੀ ਜਸਵੀਰ ਕੌਰ | ਇੰਨਚਾਰਜ ਫੀਲਡ ਪ੍ਰੋਗਰਾਮ | 0172-3047385 (ਦਫ਼ਤਰ) |
| 2. | ਡਾ. ਵਿਜੈ ਲਕਸ਼ਮੀ ਸ਼ਾਰਦਾ | ਸੁਪਰਡੰਟ | 0172-3047383, 98557-13516 |
| 3. | ਸ੍ਰੀ ਸੁਖਬੀਰ ਸਿੰਘ | ਸੀਨੀਅਰ ਪ੍ਰੋਜੈਕਟ ਅਫ਼ਸਰ | 0172-3047467, 95010-14786 |
| 4. | ਸ੍ਰੀ ਹਰਜਿੰਦਰ ਪਾਲ ਸਿੰਘ | ਸਹਾਇਕ ਭਲਾਈ ਅਫ਼ਸਰ (ਖੇਡਾਂ) | 0172-3047387, 98880-22647 |

## ਦਫ਼ਤਰ : ਇੰਨਚਾਰਜ ਫੀਲਡ ਪ੍ਰੋਗਰਾਮ

ਫ਼ੋਨ ਨੰ. : 0172-3047385

ਫ਼ੈਕਸ ਨੰ. : 0172-3047129 (ਸਕੱਤਰ ਦਫ਼ਤਰ)

ਇੰਟਰਨੈਟ : **www.pseb.ac.in**

ਈ.-ਮੇਲ : **punjabschool@yahoo.com**


**Published by : Secretary, Punjab School Education Board,**
Vidya Bhawan, Phase-8, (Sector 62),
Sahibzada Ajit Singh Nagar, Distt. Mohali,
Pin Code : 160 062.

Printed at : **B.B. Offset**, Chd. Ph. : 99142-28600, 99144-98602

## ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਆਯੋਜਿਤ ਕੀਤੇ ਜਾਣ ਵਾਲੇ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲਿਆਂ ਨੂੰ ਦਿੱਤੀ ਗਈ ਅਕਾਦਮਿਕ ਵੇਟੇਜ ।

ਕਿਸੇ ਵੀ ਸਿੱਖਿਆ ਕ੍ਰਮ ਵਿੱਚ ਸਹਿ-ਅਕਾਦਮਿਕ ਕਿਰਿਆਵਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਸਹਿ-ਅਕਾਦਮਿਕ ਕਿਰਿਆਵਾਂ ਵਜੋਂ ਆਯੋਜਿਤ ਕੀਤੇ ਜਾਂਦੇ ਵਿੱਦਿਅਕ ਮੁਕਾਬਲੇ ਰਾਜ ਦੇ ਸਕੂਲੀ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਸਹਾਈ ਤਾਂ ਹੁੰਦੇ ਹੀ ਹਨ । ਇਹ ਸਾਡੇ ਵਿਰਸੇ ਅਤੇ ਸੱਭਿਆਚਾਰ ਦੇ ਰੱਖਿਅਕ ਵੀ ਹਨ ।

ਅਜਿਹੇ ਮੁਕਾਬਲਿਆਂ ਦੇ ਮਹੱਤਵ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਬੋਰਡ ਦੁਆਰਾ ਆਯੋਜਿਤ ਇਹਨਾਂ ਸੱਭਿਆਚਾਰਕ ਮੁਕਾਬਲਿਆਂ ਨੂੰ ਯੂਨੀਵਰਸਿਟੀ ਪੱਧਰ ਦੇ ਅੰਤਰ ਖੇਤਰ ਯੁਵਕ ਮੇਲਿਆਂ ਵਿੱਚ ਪ੍ਰਾਪਤੀ ਦੇ ਬਰਾਬਰ ਮੰਨਿਆ ਗਿਆ ਹੈ ਅਤੇ ਯੂਨੀਵਰਸਿਟੀ ਪੱਧਰ ਤੇ ਸਾਰੇ ਅਕਾਦਮਿਕ ਅਤੇ ਪ੍ਰੋਫੈਸ਼ਨਲ ਕੋਰਸਾਂ ਵਿੱਚ ਨਿਯਮਾਂ ਅਨੁਸਾਰ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ ।

ਇਹਨਾਂ ਹੀ ਲੀਹਾਂ ਤੇ ਸਕੂਲ ਪੱਧਰ 'ਤੇ ਵੀ ਇਹਨਾਂ ਮੁਕਾਬਲਿਆਂ ਨੂੰ ਅਕਾਦਮਿਕ ਵੇਟੇਜ ਦਿੱਤੀ ਗਈ ਹੈ । ਸਕੂਲ ਪੱਧਰ ਤੇ ਬੋਰਡ ਨਾਲ ਸੰਬੰਧਤ ਹਰੇਕ ਸਰਕਾਰੀ, ਮਾਨਤਾ ਪ੍ਰਾਪਤ ਅਤੇ ਐਫੀਲੀਏਟਿਡ ਸੰਸਥਾ ਵਿੱਚ ਪ੍ਰਤੀ 50 ਦੀ ਗਿਣਤੀ ਪਿੱਛੇ ਕਿਸੇ ਵੀ ਸਕੂਲ ਪੱਧਰ (ਮਿਡਲ, ਮੈਟ੍ਰਿਕ, ਸੀਨੀਅਰ ਸੈਕੰਡਰੀ) ਦੀ ਪ੍ਰਵੇਸ਼ ਜਮਾਤ (ਛੇਵੀਂ, ਨੌਂਵੀ, ਗਿਆਰ੍ਹਵੀਂ) ਵਿੱਚ ਬੋਰਡ ਵੱਲੋਂ ਪ੍ਰਵਾਨਿਤ ਸੀਟਾਂ ਤੋਂ ਇਲਾਵਾ ਇੱਕ ਵਾਧੂ ਸੀਟ ਬੋਰਡ ਦੁਆਰਾ ਆਯੋਜਿਤ ਵਿੱਦਿਅਕ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਉਹਨਾਂ ਦੀ ਪ੍ਰਾਪਤੀ-ਕ੍ਰਮ ਅਨੁਸਾਰ ਰਾਖਵੀਂ ਕੀਤੀ ਗਈ ਹੈ ।

## ਸੈਸ਼ਨ 2009-20010 ਲਈ ਮਹੱਤਵਪੂਰਨ ਮਿਤੀਆਂ

1. ਬਲਾਕ ਪੱਧਰ ਲਈ ਪ੍ਰਵੇਸ਼ ਫਾਰਮ ਜਮ੍ਹਾਂ ਕਰਾਉਣ ਦੀ ਅੰਤਿਮ ਮਿਤੀ 03.08.2008
2. ਬਲਾਕ ਪੱਧਰ 'ਤੇ ਮੁਕਾਬਲੇ ਆਯੋਜਨ ਦੀ ਮਿਤੀ 08.08.2008
3. ਜ਼ਿਲ੍ਹਾ ਪੱਧਰ ਲਈ ਪ੍ਰਵੇਸ਼ ਫਾਰਮ ਭੇਜਣ ਦੀ ਅੰਤਿਮ ਮਿਤੀ 17.08.2008
4. ਜ਼ਿਲ੍ਹਾ ਪੱਧਰ 'ਤੇ ਮੁਕਾਬਲੇ ਆਯੋਜਿਤ ਕਰਨ ਦੀਆਂ ਮਿਤੀਆਂ ਖੇਤਰਵਾਰ :

| ਜਲੰਧਰ ਅਤੇ ਫਰੀਦਕੋਟ | | ਮੋਹਾਲੀ ਅਤੇ ਲੁਧਿਆਣਾ |
|---|---|---|
| 12.09.2008 | ਪਹਿਲਾ ਵਰਗ | 26.09.2008 |
| 13.09.2008 | ਦੂਸਰਾ ਵਰਗ | 27.09.2008 |
| 14.09.2008 | ਤੀਸਰਾ ਵਰਗ | 28.09.2008 |

4. ਖੇਤਰ ਪੱਧਰ ਦੇ ਮੁਕਾਬਲੇ 23, 24, 25 ਅਕਤੂਬਰ ਨੂੰ ਆਯੋਜਿਤ ਕੀਤੇ ਜਾਣਗੇ ।
6. ਅਪੰਗ ਵਿਦਿਆਰਥੀਆਂ ਲਈ ਵਿਤੀ ਸਹਾਇਤਾ ਸੰਬੰਧੀ ਪ੍ਰਤੀ ਬੇਨਤੀ
   ਭੇਜਣ ਦੀ ਅੰਤਿਮ ਮਿਤੀ 01.10.2008
7. ਸੈਸ਼ਨ 2008-2009 ਲਈ ਖੇਤਰ / ਰਾਜ ਪੱਧਰ 'ਤੇ ਆਯੋਜਨ ਕੇਂਦਰ
   ਵਜੋਂ ਕਾਰਜ ਕਰਨ ਲਈ ਪ੍ਰਤੀ ਬੇਨਤੀ ਭੇਜਣ ਦੀ ਅੰਤਿਮ ਮਿਤੀ 30.04.2008
8. ਰਾਜ ਪੱਧਰ 'ਤੇ ਮੁਕਾਬਲੇ ਆਯੋਜਿਤ ਕਰਨ ਦੀਆਂ ਸੰਭਾਵਿਤ ਮਿਤੀਆਂ 26, 27, 28 ਨਵੰਬਰ 2008